੧ ੳ ਵਾਹਿਗੁਰੂ ਜੀ ਕੀ ਫ਼ਤਹਿ ॥

# ਸਿੱਖ ਕੌਮ

# ਨੇ

# ਸੰਵਿਧਾਨ ਕਿਉਂ ਰੱਦ ਕੀਤਾ?


ਸੰਪਾਦਕ :

ਪ੍ਰੋ: ਗੁਰਬਚਨ ਸਿੰਘ ਜਰਨਲਿਸਟ


ਵਿਧਾਨ ਘੜਨੀ ਸਭਾ ਵਿਚ ਅਕਾਲੀ ਪ੍ਰਤੀਨਿਧ

**ਸ: ਹੁਕਮ ਸਿੰਘ ਜੀ**

ਦੀ ਉਹ ਤਕਰੀਰ ਜਿਸ ਰਾਹੀਂ ਉਨ੍ਹਾਂ ਨੇ ਸਿੱਖ ਕੌਮ ਵਲੋਂ ਭਾਰਤੀ ਸੰਵਿਧਾਨ ਰੱਦ ਕੀਤਾ।


**ਸ਼੍ਰੋਮਣੀ ਅਕਾਲੀ ਦਲ, ਸ੍ਰੀ ਅੰਮ੍ਰਿਤਸਰ**

# ਸੰਦੇਸ਼

[ਸ੍ਰੀ ਮਾਨ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ]

ਆਪਣੇ ਆਪ ਵਿਚ ਇਹ ਗੱਲ ਬੜੀ ਅਜੀਬ ਜਿਹੀ ਲਗਦੀ ਹੈ ਕਿ ਜਿਸ ਕੌਮ ਨੇ ਇਸ ਦੇਸ਼ ਵਿਚ ਵਸਦੀਆਂ ਸਾਰੀਆਂ ਕੌਮਾਂ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਵਿਚ ਸਭ ਤੋਂ ਵੱਧ ਹਿੱਸਾ ਪਾਇਆ ਹੋਵੇ, ਅੱਜ ਅਜ਼ਾਦੀ ਦੇ ੩੫ ਸਾਲ ਪਿਛੋਂ ਵੀ ਉਹ ਕੌਮ ਆਪਣੇ ਆਪ ਨੂੰ 'ਗੁਲਾਮਾਂ' ਦੀ ਤਰ੍ਹਾਂ ਮਹਿਸੂਸ ਕਰੇ।

ਹੈਰਾਨੀ ਦੀ ਗੱਲ ਹੈ ਕਿ ਸਿੱਖ ਜਿਹੜੇ ੧੯੪੭ ਤੋਂ ਪਹਿਲਾਂ ਇਹ ਮੁਕੰਮਲ 'ਕੌਮ' ਮੰਨੇ ਜਾਂਦੇ ਰਹੇ ਹਨ ਅੱਜ ਉਹ ਹੀ ਸਿੱਖ ਆਪਣੇ ਆਪ ਨੂੰ ਇਕ ਕੌਮ ਮੰਨਵਾਉਣ ਲਈ ਸੰਘਰਸ਼ ਕਰ ਰਹੇ ਹਨ।

ਜਦੋਂ ਸ਼੍ਰੋਮਣੀ ਅਕਾਲੀ ਦਲ ਇਹ ਦਾਅਵਾ ਕਰਦਾ ਹੈ ਭਾਰਤ ਇਕ 'ਬਹੁ-ਕੌਮੀ' ਦੇਸ਼ ਹੈ ਅਤੇ ਸਿੱਖ ਵੀ ਇਸ ਦੇਸ਼ ਵਿਚ ਵਸਦੀਆਂ ਦੂਜੀਆਂ ਕੌਮਾਂ ਵਾਂਗ ਇਕ ਨਿਵੇਕਲੀ ਹਸਤੀ ਰਖਦੀ 'ਕੌਮ' ਹਨ ਤਾਂ ਉਸ ਦਾ ਦਾਅਵਾ ਠੋਸ ਇਤਿਹਾਸਕ ਸਚਾਈਆਂ ਤੇ ਅਧਾਰਿਤ ਹੁੰਦਾ ਹੈ।

ਇਹ ਨਹੀਂ ਭੁਲਣਾ ਚਾਹੀਦਾ ਕਿ ਸਿੱਖ ਅੱਜ ਹੀ ਨਹੀਂ, ਸਗੋਂ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਵਖਰੀ ਹਸਤੀ ਰਖਦੇ ਆਏ ਹਨ।

"ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ।"
ਦਾ ਸੰਕਲਪ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਦਿੱਤਾ ਸੀ, ਦਸਮ ਪਿਤਾ ਦੁਆਰਾ ਨਿਆਰੇ 'ਖਾਲਸੇ ਦੀ ਸਿਰਜਣਾ' ਉਸੇ 'ਨਿਰਮਲ ਪੰਥ' ਦੇ ਸੰਕਲਪ ਦੀ ਹੀ ਪੂਰਤੀ ਸੀ।

'ਖਾਲਸਾ ਕੌਮ' ਦੇ ਸਾਜਨਹਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਪੱਸ਼ਟ ਅਦੇਸ਼ ਹੈ ਕਿ :

ਜਬ ਲਗ ਖਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਓ ਮੈਂ ਸਾਰਾ।
ਜਬ ਯਹ ਗਹੈ ਬਿਪਰਨ ਕੀ ਰੀਤ।
ਮੈਂ ਨਾ ਕਰੋਂ ਇਨ ਕੀ ਪ੍ਰਤੀਤ।

ਸ਼੍ਰੋਮਣੀ ਅਕਾਲੀ ਦਲ ਮਹਿਸੂਸ ਕਰਦਾ ਹੈ ਕਿ, ਦਿੱਲੀ ਦੇ ਤਾਜਦਾਰ 'ਸਿੱਖ ਕੌਮ' ਨੂੰ ਕਲਮ ਦੀ ਨੋਕ ਨਾਲ 'ਬਿਪਰਨ ਦੀ ਰੀਤ' ਕਰਨ ਲਈ ਮਜਬੂਰ ਕਰ ਰਹੇ ਹਨ। ਇਹ ਸੰਵਿਧਾਨ ਦੀ ਧਾਰਾ ੨੫, ਸਿਖਾਂ ਨੂੰ 'ਬਿਪਰਨ ਦੀ ਰੀਤ' ਨਾਲ ਜੋੜਨ ਦਾ ਸਾਧਨ ਹੈ। ਇਹੋ ਕਾਰਨ ਹੈ ਕਿ ਸ਼੍ਰੋਮਣੀ ਅਕਾਲੀ ਦਲ ਇਸ ਨੂੰ ਸਾੜ ਕੇ ਰੋਸ ਪ੍ਰਗਟਾਵਾ ਕਰ ਰਿਹਾ ਹੈ ਕਿ ਇਸ ਵਿਚ ਸੋਧ ਕਰਕੇ, ਵਖਰਾ ਸਿੱਖ ਪ੍ਰਸਨਲ ਲਾਅ ਬਣਾਇਆ ਜਾਵੇ।

ਜਿਹੜੇ ਲੋਕ ਅੱਜ ਇਹ ਦਾਅਵਾ ਕਰਦੇ ਹਨ ਕਿ 'ਸਿੱਖ ਵਖਰੀ ਕੋਮ' ਨਹੀਂ ਉਹ ਨਾ ਕੇਵਲ ਇਤਿਹਾਸਕ ਤੱਥਾਂ ਨੂੰ ਅੱਖੋਂ ਪਰੋਖੇ ਕਰਦੇ ਹਨ, ਸਗੋਂ ਬਹੁਤ ਵੱਡੀ ਗਲਤ ਬਿਆਨੀ ਕਰਕੇ, ਭਾਰਤੀ ਸੰਵਿਧਾਨ ਦੀ ਮੂਲ ਭਾਵਨਾ ਨੂੰ ਵੀ ਠੇਸ ਪਹੁੰਚਾ ਰਹੇ ਹਨ।

ਬੜੀ ਹੈਰਾਨੀ ਦੀ ਗੱਲ ਹੈ ਕਿ, ਜਦੋਂ ਦੇਸ਼ ਦੀ ਵੰਡ ਤੋਂ ਪਹਿਲਾਂ ਸਿੱਖ ਬਤੌਰ ਇਕ ਕੌਮ ਵਿਚਰਦੇ ਸਨ ਤਾਂ ਅਜ਼ਾਦ ਭਾਰਤ ਵਿਚ ਇਹ ਇਕ ਕੌਮ ਕਿਉਂ ਨਹੀਂ ? ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਕਾਂਗਰਸੀ ਆਗੂਆਂ ਨੇ ਸਿੱਖ ਨੇਤਾਵਾਂ ਨਾਲ ਬਤੌਰ ਕੌਮ ਦੇ ਵਾਅਦੇ ਕੀਤੇ।

ਭਾਰਤ ਦੀ ਅਜ਼ਾਦੀ ਦੇ ਪ੍ਰਤੀਕ 'ਤਿਰੰਗਾ ਝੰਡਾ' ਵਿਚਲੇ ਤਿੰਨ ਰੰਗ, ਤਿੰਨ ਵੱਖ ਵੱਖ ਕੌਮਾਂ (ਹਿੰਦੂ, ਮੁਸਲਮ, ਸਿੱਖ) ਦੀ ਅਜ਼ਾਦ ਹਸਤੀ ਦੇ ਪ੍ਰਤੀਕ ਹਨ (ਭਾਵੇਂ ਹੁਣ ਦੇ ਅਖੌਤੀ ਸੈਕੂਲਰ ਹਾਕਮਾਂ ਨੇ ਇਨ੍ਹਾਂ ਰੰਗਾਂ ਦੇ ਅਰਥ ਬਦਲ ਲਏ ਹਨ)।

ਦੇਸ਼ ਦੀ ਵੰਡ ਤੋਂ ਪਹਿਲਾਂ ਦੀ ਚੋਣ ਪ੍ਰਣਾਲੀ ਵਿਚ ਸਿਖਾਂ ਨੂੰ ਇਕ ਵਖਰੀ ਕੌਮ ਤਸਲੀਮ ਕੀਤਾ ਗਿਆ ਸੀ। ਭਾਰਤ ਦੀ ਵਾਗ-ਡੋਰ ਹੱਥ ਆਉਂਦੇ ਹੀ ਬਹੁ-ਸੰਮਤੀ ਦੇ ਜ਼ੋਰ ਨਾਲ, ਕਾਂਗਰਸੀ ਆਗੂਆਂ ਨੇ ਸਾਂਝੀ ਚੋਣ ਪ੍ਰਣਾਲੀ ਖਤਮ ਕਰਕੇ ਘੱਟ ਗਿਣਤੀਆਂ ਨੂੰ ਸਦਾ ਲਈ ਬਹੁ-ਗਿਣਤੀ ਦੇ ਰਹਿਮ ਤੇ ਸੁੱਟ ਦਿੱਤਾ।

ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਕਾਂਗਰਸੀ ਲੀਡਰਾਂ ਦੇ 'ਬਚਨਾਂ' ਤੇ ਵਿਸ਼ਵਾਸ ਕਰਕੇ, ਸਿੱਖ ਕੌਮ ਦੀ ਕਿਸਮਤ ਭਾਰਤ ਨਾਲ ਜੋੜੀ ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ, ਅਜ਼ਾਦ ਭਾਰਤ ਵਿਚ ਸਿਖਾਂ ਨਾਲ ਵਿਸ਼ਵਾਸਘਾਤ ਕੀਤਾ ਗਿਆ ਤੇ ਉਨ੍ਹਾਂ ਦੀ ਅਜ਼ਾਦ ਹਸਤੀ ਨੂੰ ਕਲਮ ਦੀ ਨੋਕ ਨਾਲ ਖਤਮ ਕਰਕੇ, ਬਹੁ-ਗਿਣਤੀ ਵਿਚ ਜਜ਼ਬ ਕਰਨ ਦੀ ਹਿਮਾਕਤ ਕੀਤੀ ਗਈ।

ਜਦੋਂ ਅਜ਼ਾਦ ਭਾਰਤ ਦਾ ਸੰਵਿਧਾਨ ਲਿਖਿਆ ਜਾ ਰਿਹਾ ਸੀ ਤਾਂ ਪਹਿਲਾਂ ਕੀਤੇ ਗਏ ਵਾਅਦਿਆਂ ਦੇ ਬਾਵਜੂਦ ਸਿਖ ਕੌਮ ਨਾਲ ਵਿਸ਼ਵਾਸਘਾਤ ਕਰਕੇ ਉਨ੍ਹਾਂ ਨੂੰ ਸਦਾ ਲਈ ਬਹੁ-ਗਿਣਤੀ ਦੇ ਰਹਿਮ ਤੇ ਸੁੱਟ ਦਿਤਾ ਗਿਆ।

ਇਸ ਗੁਲਾਮੀ ਦੀ ਪੰਜਾਲੀ ਨੂੰ ਗਲੋਂ ਲਾਉਣ ਲਈ ਹੀ ਸ਼੍ਰੋਮਣੀ ਅਕਾਲੀ ਦਲ ੧੯੪੯ ਤੋਂ ਲੈ ਕੇ ਅਜ ਤਕ ਪੜਾ ਵਾਰ ਸੰਘਰਸ਼ ਕਰਦਾ ਆਇਆ ਹੈ ਜੋ ਕਿ ਅਜੇ ਵੀ ਜਾਰੀ ਹੈ।

ਪ੍ਰੋ. ਗੁਰਬਚਨ ਸਿੰਘ ਜਰਨਲਿਸਟ ਦੁਆਰਾ ਸੰਪਾਦਿਤ ਕੀਤਾ ਗਿਆ ਇਹ ਹਥਲਾ ਪੈਂਫਲਿਟ, ਬਿਲਕੁਲ ਸਪਸ਼ਟ ਕਰ ਦਿੰਦਾ ਹੈ ਕਿ 'ਸਿਖ ਕੌਮ' ਦੇ ਪ੍ਰਤੀਨਿਧਾਂ ਨੇ ਕਦੇ ਵੀ ਇਹ ਭਾਰਤੀ ਸੰਵਿਧਾਨ ਨੂੰ ਪ੍ਰਵਾਨ ਨਹੀਂ ਕੀਤਾ। ਸੁਯੋਗ ਲੇਖਕ ਨੇ ਬੜੀ ਡੂੰਘੀ ਖੋਜ ਕਰਕੇ ਸ: ਹੁਕਮ ਸਿੰਘ ਜੀ ਦੀ ਉਹ ਤਕਰੀਰ ਅਤੇ ਫਿਰਕੂ ਲੀਡਰਾਂ ਦੇ ਇਰਾਦੇ ਇਸ ਪੈਂਫਲਿਟ ਵਿਚ ਸੰਪਾਦਿਤ ਕੀਤੇ ਹਨ। ਇਸ ਵੱਡਮੁਲੇ ਕਾਰਜ ਲਈ ਵਿਦਵਾਨ ਸੰਪਾਦਿਕ ਪ੍ਰੋ. ਗੁਰਬਚਨ ਸਿੰਘ ਜਰਨਲਿਸਟ ਵਧਾਈ ਦੇ ਪਾਤਰ ਹਨ।

ਇਹ ਪੈਂਫਲਿਟ ਜਿਥੇ ਮਾਜੂਦਾ ਹੁਕਮਰਾਨਾਂ ਵਲੋਂ ਸਿਖਾਂ ਨਾਲ ਕੀਤੀ ਗਈ ਸ਼ਰਮਨਾਕ ਗ਼ਦਾਰੀ ਦਾ ਪਰਦਾ ਫਾਸ਼ ਕਰਦਾ ਹੈ, ਉਥੇ ਇਹ ਵੀ ਸਪਸ਼ਟ ਕਰਦਾ ਹੈ ਕਿ ਸਿਖਾਂ ਨੂੰ ਧਾਰਾ ੨੫ ਸਾੜਨ ਦੀ ਲੋੜ ਕਿਉਂ ਪਈ ?

ਮੈਨੂੰ ਆਸ ਹੈ ਕਿ ਇਹ ਪੈਂਫਲਿਟ ਪੜ੍ਹ ਕੇ ਬਹੁਤ ਸਾਰੀਆਂ ਗਲਤ ਫਹਿਮੀਆਂ ਜੋ ਕਿ ਹੁਕਮਰਾਨਾਂ ਵਲੋਂ ਫੈਲਾਈਆਂ ਜਾ ਰਹੀਆਂ ਹਨ, ਦੂਰ ਹੋ ਜਾਣਗੀਆਂ। ਜਿਥੇ ਮੈਂ ਵਿਦਵਾਨ ਸੰਪਾਦਕ ਦਾ ਇਸ ਸਫਲ ਜਤਨ ਉਤੇ ਧੰਨਵਾਦੀ ਹਾਂ, ਉਥੇ ਆਸ ਕਰਦਾ ਹਾਂ ਕਿ ਉਹ ਅਗੋਂ ਵੀ ਪੰਥ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਸਿਖ ਮਸਲਿਆਂ ਨੂੰ ਨਿਖਾਰਨ ਸਬੰਧੀ ਖੋਜ ਕਰਕੇ ਲੋਕਾਂ ਸਾਹਮਣੇ ਰਖਣਗੇ ਤਾਂ ਸਰਕਾਰ ਵਲੋਂ ਅਸੀਮਤ ਪ੍ਰਚਾਰ ਸਾਧਨਾਂ ਦੁਆਰਾ ਪੈਦਾ ਕੀਤੀਆਂ ਜਾ ਰਹੀਆਂ ਗਲਤ ਫਹਿਮੀਆਂ ਦੂਰ ਹੋ ਸਕਣ।

ਗੁਰੂ ਪੰਥ ਦਾ ਦਾਸ–

**ਹਰਚੰਦ ਸਿੰਘ (ਸੰਤ) ਲੌਂਗੋਵਾਲ**

ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ

# ਭੂਮਿਕਾ

ਅੱਜ ਜਦੋਂ ਸਿਖ ਕੌਮ ਆਪਣੀ ਅਜ਼ਾਦ ਹਸਤੀ ਤੇ ਵਿਲੱਖਣ ਹੋਂਦ ਦੀ ਰਾਖੀ ਲਈ, ਦਿੱਲੀ ਦੇ ਫਿਰਕਾ-ਪ੍ਰਸਤੀ ਵਿਚ ਬੁਰੀ ਤਰ੍ਹਾਂ ਗਰੱਸੇ ਹੋਏ ਹੁਕਮਰਾਨਾਂ ਵਿਰੁਧ, ਸ੍ਰੀਮਾਨ ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਡਿਕਟੇਟਰ ਧਰਮ ਯੁਧ ਮੋਰਚਾ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਵਿਚ ਇਤਿਹਾਸਿਕ ਤੇ ਫੈਸਲਾਕੁੰਨ ਜੰਗ ਲੜ ਰਹੀ ਹੈ ਤਾਂ ਕੇਂਦਰ ਸਰਕਾਰ ਤੇ ਪ੍ਰਾਂਤਕ ਸਰਕਾਰਾਂ ਦੇ ਸਾਰੇ ਪ੍ਰਚਾਰ ਸਾਧਨ 'ਸਿਖ ਕੌਮ' ਅਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਮੰਗਾਂ ਬਾਰੇ ਗਲਤ ਫਹਿਮੀਆਂ ਪੈਦਾ ਕਰਨ ਲਈ ਝੋਕ ਦਿਤੇ ਗਏ ਹਨ। ਕੌਮ ਦੇ ਗ਼ਦਾਰਾਂ ਨੂੰ ਵੱਡੇ ਵੱਡੇ ਲਾਲਚ ਦੇ ਕੇ ਉਨ੍ਹਾਂ ਕੋਲੋਂ ਮਨ-ਮਰਜ਼ੀ ਦੇ ਵੰਨ-ਸੁਵੰਨੇ ਬੇਸਿਰ ਪੈਰ ਬਿਆਨ ਦੁਆ ਕੇ, ਦੇਸ਼ ਦੇ ਦੂਜੇ ਲੋਕਾਂ ਨੂੰ ਗੁੰਮਰਾਹ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

ਜਦੋਂ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸੂਝਵਾਨ ਲੀਡਰਸ਼ਿਪ ਨੇ, ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਦੀ ਅਗਵਾਈ ਵਿਚ ਸਿੱਖੀ ਦੀ ਹੋਂਦ ਤੋਂ ਮੁਨਕਰ ਹੋਣ ਵਾਲੀ ਧਾਰਾ ੨੫ ਸਾੜਨ ਦਾ ਫੈਸਲਾ ਕੀਤਾ ਹੈ ਤੇ ਮੁਖੀ ਲੀਡਰ ਧਾਰਾ ੨੫ ਸਾੜ ਕੇ ਜੇਹਲਾਂ ਵਿਚ ਚਲੇ ਗਏ ਹਨ, ਫਿਰਕੂ ਪ੍ਰੈਸ ਤੇ ਸਰਕਾਰੀ ਪ੍ਰਚਾਰ ਤੰਤਰ ਨੇ ਅਸਮਾਨ ਸਿਰ ਤੇ ਚੁਕਿਆ ਹੋਇਆ ਹੈ। ਭਾਵੇਂ ਸ਼੍ਰੋਮਣੀ ਅਕਾਲੀ ਦਲ ਨੇ ਹਰ ਸੰਭਵ ਯਤਨ ਕੀਤਾ ਹੈ ਕਿ, ਇਸ ਝੂਠੇ ਤੇ ਫਿਰਕੂ ਪ੍ਰਚਾਰ ਜੋ ਸਰਕਾਰ ਤੇ ਫਿਰਕੂ ਲੋਕਾਂ ਵਲੋਂ ਕੀਤਾ ਜਾ ਰਿਹਾ ਹੈ, ਦਾ ਤਸੱਲੀਬਖਸ਼ ਜਵਾਬ ਦਿਤਾ ਜਾਵੇ ਅਤੇ ਕਿਸੇ ਹੱਦ ਤਕ ਦਿੱਤਾ ਵੀ ਗਿਆ ਹੈ, ਪਰ ਫਿਰ ਵੀ ਅਕਾਲੀ ਦਲ ਦੇ ਸਾਧਨ ਬੜੇ ਸੀਮਤ ਹਨ ਤੇ ਟੱਕਰ ਬਹੁਤ ਵਡੇ ਤੇ ਸ਼ਕਤੀਸ਼ਾਲੀ ਸਾਮਰਾਜ ਨਾਲ ਹੈ।

ਸਰਕਾਰ ਵਲੋਂ, ਸ੍ਰੀਮਤੀ ਗਾਂਧੀ, ਰਫ਼ੀਕ ਜ਼ਕਰੀਆ ਅਤੇ ਹੋਰ ਐਰਾ ਗੈਰਾ ਨੱਥੂ ਖੈਰਾ ਕਾਂਗਰਸੀ ਇਹ ਕਹਿੰਦਾ ਫਿਰਦਾ ਹੈ ਕਿ, ਅਕਾਲੀ ਲੀਡਰਾਂ ਨੇ, ਖੁਦ ਸੰਵਿਧਾਨ ਨੂੰ ਪ੍ਰਵਾਨ ਕੀਤਾ ਸੀ ਅਤੇ ਹੁਣ ਅਕਾਲੀ ਲੀਡਰ ਧਾਰਾ ੨੫ ਸਾੜ ਕੇ ਸੰਵਿਧਾਨ ਦਾ ਅਪਮਾਨ ਕਰ ਰਹੇ ਹਨ।

ਭਾਵੇਂ ਸ: ਮਾਨ ਜੋ ਕਿ ਖੁਦ ਵਿਧਾਨ ਘੜਨੀ ਅਸੈਂਬਲੀ ਦੇ ਮੈਂਬਰ ਸਨ ਤੇ ਸੰਤ

ਜੀ ਨੇ ਇਸ ਕੁਫਰ ਦਾ ਮੂੰਹ-ਤੋੜ ਜਵਾਬ ਦਿਤਾ ਹੈ ਪਰ ਜੋ ਕੰਮ ਪ੍ਰੋਫੈਸਰ ਗੁਰਬਚਨ ਸਿੰਘ ਜਰਨਲਿਸਟ ਨੇ ਆਪਣੀ ਮਿਹਨਤ ਤੇ ਖੋਜ ਦੁਆਰਾ ਕੀਤਾ ਹੈ ਉਹ ਬੜਾ ਹੀ ਮਹੱਤਵ ਪੂਰਨ ਹੈ।

ਪ੍ਰੋ: ਗੁਰਬਚਨ ਸਿੰਘ ਜੋ ਕਿ ਇਕ ਵਿਦਵਾਨ ਲੇਖਕ ਹਨ, ਨੇ ਬੜੀ ਮਿਹਨਤ ਨਾਲ ਵਿਧਾਨ ਘੜਨੀ ਅਸੈਂਬਲੀ ਵਿਚ ਹੋਈ ਬਹਿਸ ਦਾ ਰਿਕਾਰਡ ਪ੍ਰਾਪਤ ਕਰ ਕੇ ਉਸ ਵਿਚੋਂ ਇਹ ਇਤਿਹਾਸਿਕ ਦਸਤਾਵੇਜ਼ ਤਿਆਰ ਕੀਤੀ ਹੈ ਜੋ ਉਹਨਾਂ ਦੀ ਮਿਹਨਤ ਦੀ ਮੂੰਹ-ਬੋਲਦੀ ਤਸਵੀਰ ਹੈ।

ਇਸ ਦਸਤਾਵੇਜ਼ ਦੇ ਪ੍ਰਕਾਸ਼ਿਤ ਹੋਣ ਨਾਲ, ਇਹ ਗੱਲ ਬਿਲਕੁਲ ਸਪੱਸ਼ਟ ਹੋ ਜਾਂਦੀ ਹੈ ਕਿ ਮੌਜੂਦਾ ਸੰਵਿਧਾਨ ਸਿਖਾਂ ਦੀ ਮਰਜ਼ੀ ਤੋਂ ਬਿਨਾਂ ਉਹਨਾਂ ਤੇ ਠੋਸਿਆ ਗਿਆ ਹੈ ਤੇ ਸਿਖਾਂ ਨੇ ਇਸ ਨੂੰ ਬੁਰੀ ਤਰ੍ਹਾਂ ਰੱਦ ਕਰ ਦਿਤਾ ਸੀ।

ਇਸ ਦਸਤਾਵੇਜ਼ ਵਿਚ ਜਿਥੇ ਅਕਾਲੀ ਪ੍ਰਤੀਨਿਧ ਸਰਦਾਰ ਹੁਕਮ ਸਿੰਘ ਜੀ ਦੁਆਰਾ ਵਿਧਾਨ ਘੜਨੀ ਅਸੈਂਬਲੀ ਵਿਚ ਪ੍ਰਗਟਾਏ ਵਿਚਾਰ ਦਿਤੇ ਗਏ ਹਨ ਉਥੇ ਸੈਕੂਲਰਇਜ਼ਮ ਦੇ ਬੁਰਕੇ, ਫਿਰਕੂ ਚਿਹਰੇ ਵਾਲੇ ਹਿੰਦੂ ਨੇਤਾਵਾਂ ਦੇ, ਘਟ-ਗਿਣਤੀਆਂ ਨੂੰ ਖਤਮ ਕਰਣ ਦੇ ਮਨਸੂਬੇ ਵੀ ਜ਼ਾਹਰ ਹੁੰਦੇ ਹਨ।

ਪ੍ਰੋ: ਗੁਰਬਚਨ ਸਿੰਘ ਨੇ ਇਹ ਦਸਤਾਵੇਜ਼ ਲਿਖ ਕੇ ਕੌਮ ਦੀ ਭਾਰੀ ਸੇਵਾ ਕੀਤੀ ਹੈ। ਮੈਨੂੰ ਪੂਰਨ ਆਸ ਹੈ ਕਿ ਉਹ ਅਗੋਂ ਵੀ ਇਹਨਾਂ ਸਬੰਧੀ ਖੋਜ ਜਾਰੀ ਰੱਖਣਗੇ ਤਾਂਕਿ ਸਿਖ-ਵਿਰੋਧੀ ਅਨਸਰ ਦੇ ਗਲਤ ਤੇ ਮਾਰੂ ਪ੍ਰਚਾਰ ਦਾ ਠੋਕਵਾਂ ਉੱਤਰ ਦਿਤਾ ਜਾ ਸਕੇ।

ਗੁਰਮੀਤ ਸਿੰਘ ਚੀਮਾਂ<br>
ਪ੍ਰੈਸ ਸਕੱਤਰ,<br>
ਸ਼੍ਰੋਮਣੀ ਅਕਾਲੀ ਦਲ।

# ਸਿੱਖ ਕੌਮ ਨੇ ਸੰਵਿਧਾਨ ਕਿਉਂ ਰੱਦ ਕੀਤਾ ?

ਸਿਖਾਂ ਨਾਲ ਕੀਤੇ ਜਾ ਰਹੇ ਵਿਤਕਰੇ ਦੂਰ ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਵਲੋਂ ਜਿਹੜਾ ਧਰਮ ਯੁੱਧ ੪ ਅਗਸਤ ੧੯੮੨ ਤੋਂ ਅਰੰਭ ਕੀਤਾ ਗਿਆ ਹੈ, ਉਸ ਨੇ ਉਸ ਸਮੇਂ ਇਕ ਇਤਿਹਾਸਕ ਮੋੜ ਕਟਿਆ ਜਦ ੨੭ ਫਰਵਰੀ ੧੯੮੪ ਨੂੰ ਦਿੱਲੀ ਵਿਖੇ ਪੰਜਾਬ ਦੇ ਸਾਬਕ ਮੁਖ ਮੰਤ੍ਰੀ ਸ: ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਪੰਜ ਗੁਰਸਿਖਾਂ ਨੇ ਸੰਵਿਧਾਨ ਦੀ ਧਾਰਾ ੨੫ ਦੀਆਂ ਨਕਲਾਂ ਨੂੰ ਸਾੜ ਕੇ ਸਿੱਖ ਕੌਮ ਵਲੋਂ ਰੋਸ ਪ੍ਰਗਟ ਕੀਤਾ। ਸ: ਪ੍ਰਕਾਸ਼ ਸਿੰਘ ਬਾਦਲ ਨਾਲ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੌਹੜਾ, ਸਾਬਕ ਕੇਂਦਰੀ ਮੰਤ੍ਰੀ ਸ: ਸੁਰਜੀਤ ਸਿੰਘ ਬਰਨਾਲਾ, ਸਾਬਕ ਮੰਤ੍ਰੀ ਸ: ਰਣਧੀਰ ਸਿੰਘ ਚੀਮਾ ਅਤੇ ਲੋਕ ਸਭਾ ਦੇ ਸਾਬਕ ਮੈਂਬਰ ਸ: ਬਲਵੰਤ ਸਿੰਘ ਰਾਮੂੰਵਾਲੀਆ ਨੇ ਵੀ ਦਿੱਲੀ ਵਿਖੇ ਸੰਵਿਧਾਨ ਦੀ ਧਾਰਾ ੨੫ ਦੀਆਂ ਕਾਪੀਆਂ ਸਾੜਣ ਦਾ ਪ੍ਰੋਗਰਾਮ ਬਣਾਇਆ ਸੀ, ਜਿਸ ਦਾ ਐਲਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਕਈ ਦਿਨ ਪਹਿਲਾਂ ਹੀ ਕਰ ਰਖਿਆ ਸੀ, ਪਰ ਕੇਂਦਰੀ ਸਰਕਾਰ ਵਲੋਂ ਇਨ੍ਹਾਂ ਪੰਜ ਪੰਥਕ ਲੀਡਰਾਂ ਦੀ ਗ੍ਰਿਫਤਾਰੀ ਦੀ ਯੋਜਨਾ ਨੂੰ ਮੁਖ ਰਖਦਿਆਂ ਸ: ਬਾਦਲ ਭੇਸ ਬਦਲ ਕੇ ਦਿੱਲੀ ਪੁੱਜਣ ਵਿਚ ਸਫਲ ਹੋ ਗਏ, ਜਦ ਕਿ ਬਾਕੀ ਦੇ ਚਾਰ ਪ੍ਰਮੁਖ ਪੰਥਕ ਲੀਡਰਾਂ ਨੇ ਚੰਡੀਗੜ੍ਹ ਵਿਖੇ ਹੀ ਧਾਰਾ ੨੫ ਦੀਆਂ ਕਾਪੀਆਂ ਦਾ ਸਸਕਾਰ ਕਰਕੇ ਸਿੱਖ ਕੌਮ ਵਲੋਂ ਕੀਤੇ ਜਾ ਰਹੇ ਰੋਸ ਦਾ ਪ੍ਰਗਟਾਵਾ ਕੀਤਾ। ਇਸ ਦਿਨ ਤੋਂ ਅਕਾਲੀ ਲੀਡਰਾਂ, ਅਕਾਲੀ ਵਰਕਰਾਂ ਅਤੇ ਅਕਾਲੀ ਦਲ ਦੇ ਯੂਥਵਿੰਗ ਦੇ ਵਰਕਰਾਂ ਵਲੋਂ ਲਗਾਤਾਰ ਸੰਵਿਧਾਨ ਦੀ ਧਾਰਾ ੨੫ ਦੀਆਂ ਕਾਪੀਆਂ ਦਾ ਸਸਕਾਰ ਕੀਤਾ ਜਾ ਰਿਹਾ ਹੈ ਤੇ ਧਰਮ ਯੁਧ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸਿਖ ਕੌਮ ਦੇ ਜਜ਼ਬਾਤ ਦੀ ਤਰਜਮਾਨੀ ਕਰਦਿਆਂ ੨ ਅਪ੍ਰੈਲ ਤੋਂ ੭ ਅਪ੍ਰੈਲ ਤਕ ਲਗਾਤਾਰ ਹਰ ਰੋਜ਼ ਸੰਵਿਧਾਨ ਦੀ ਧਾਰਾ ੨੫ ਦੀਆਂ ਕਾਪੀਆਂ ਦਾ ਸਸਕਾਰ ਕਰਦਿਆਂ ਹੋਇਆਂ

ਅਕਾਲੀ ਵਰਕਰਾਂ ਨੂੰ ਵੱਡੀ ਪੱਧਰ ਤੇ ਗ੍ਰਿਫਤਾਰੀਆਂ ਦੇਣ ਦਾ ਸੱਦਾ ਦਿੱਤਾ ਹੈ।

ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਇਸ ਐਲਾਨ ਕਾਰਨ ਸੰਸਾਰ ਦੇ ਸਾਰੇ ਲੋਕਾਂ ਖਾਸ ਕਰਕੇ ਸਿਖਾਂ ਦਾ ਧਿਆਨ ਭਾਰਤ ਦੇ ਸੰਵਿਧਾਨ ਵਲ ਖਿਚਿਆ ਗਿਆ ਹੈ ਤੇ ਇਹ ਵਿਸ਼ਾ ਹੁਣ ਵਿਚਾਰ ਗੋਚਰ ਆ ਰਿਹਾ ਹੈ ਕਿ ਉਹ ਕਿਹੜੇ ਤੱਤ ਸਨ ਜਿਨ੍ਹਾਂ ਦੇ ਅਧਾਰ ਤੇ ਭਾਰਤ ਦੀ ਸੰਵਿਧਾਨ ਘੜਨੀ ਸਭਾ ਦੇ ਸਿਖ ਮੈਂਬਰਾਂ ਨੇ ਸੰਵਿਧਾਨ ਦੇ ਖਰੜੇ ਤੇ ਹਸਤਾਖਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਸਬੰਧੀ ਭਾਰਤ ਦੀ ਸੰਵਿਧਾਨ ਘੜਨੀ ਸਭਾ 'ਚ ਸਿਖਾਂ ਦੀ ਪ੍ਰਤੀਨਿਧਤਾ ਕਰਦੇ ਅਕਾਲੀ ਮੈਂਬਰ ਸਵਰਗਵਾਸੀ ਸ: ਹੁਕਮ ਸਿੰਘ ਦੀ ੨੧ ਦਸੰਬਰ ੧੯੪੯ ਦੀ ਉਹ ਤਕਰੀਰ ਬੜੀ ਵਿਸ਼ੇਸ਼ਤਾ ਰਖਦੀ ਹੈ ਜਿਹੜੀ ਉਹਨਾਂ ਨੇ ਸੰਵਿਧਾਨ ਘੜਨੀ ਸਭਾ ਦੀ ਇਕ ਬੈਠਕ ਵਿਚ ਕਰਦਿਆਂ ਇਹ ਇਤਿਹਾਸਕ ਐਲਾਨ ਕੀਤਾ ਸੀ ਕਿ "ਸਿੱਖ ਕੌਮ ਭਾਰਤ ਦੇ ਸੰਵਿਧਾਨ ਦੇ ਬਣਾਏ ਗਏ ਅੰਤਮ ਖਰੜੇ ਨੂੰ ਨਾ-ਮਨਜ਼ੂਰ ਕਰਦੀ ਹੈ।" ਭਾਰਤ ਦੇ ਸੰਵਿਧਾਨ ਘੜਨੀ ਸਭਾ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਸ: ਹੁਕਮ ਸਿੰਘ ਨੇ ਸਪੱਸ਼ਟ ਕਿਹਾ ਕਿ, "ਉਹ ਹੁਣ ਦੇਸ਼ ਦੀਆਂ ਘੱਟ ਗਿਣਤੀਆਂ ਨੂੰ ਦਿਤੀਆਂ ਜਾ ਰਹੀਆਂ ਵਿਸ਼ੇਸ਼ ਸਹੂਲਤਾਂ ਦਾ ਜ਼ਿਕਰ ਕਰਨਾ ਚਾਹੁੰਦੇ ਹਨ ਕਿ ਜੇ ਅਸੀਂ ਭਾਰਤ ਦੇ ਬੀਤੇ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਅੰਗਰੇਜ਼ ਹਕੂਮਤ ਵਿਰੁਧ ਸਿਖਾਂ ਨੇ ੧੮੭੨ ਵਿਚ ਕੂਕਾ ਲਹਿਰ ਅਧੀਨ ਬਗਾਵਤ ਦਾ ਝੰਡਾ ਚੁਕਿਆ ਤੇ ੬੮ ਤੋਂ ਵੱਧ ਸਿਖਾਂ ਨੂੰ ਤੋਪਾਂ ਦੇ ਗੋਲਿਆਂ ਅਗੇ ਉਡਾ ਕੇ ਸ਼ਹੀਦ ਕੀਤਾ ਗਿਆ। ੧੯੦੭ ਵਿਚ ਸ: ਅਜੀਤ ਸਿੰਘ ਅਤੇ ਸ: ਕਿਸ਼ਨ ਸਿੰਘ ਅਤੇ ਉਹਨਾਂ ਦੇ ਦੂਜੇ ਸਾਥੀਆਂ ਨੇ ਦੇਸ਼ ਦੀ ਅਜ਼ਾਦੀ ਲਹਿਰ ਵਿਚ ਕਾਫੀ ਹਿੱਸਾ ਪਾਇਆ। ੧੯੧੨ ਅਤੇ ੧੯੧੬ ਦੇ ਵਿਚਕਾਰ ਗ਼ਦਰ ਲਹਿਰ ਨੇ ਦੇਸ਼ ਅਜ਼ਾਦ ਕਰਵਾਨ ਵਿਚ ਆਪਣਾ ਬੜਾ ਭਾਰੀ ਹਿੱਸਾ ਪਾਇਆ। ਕਾਮਾ ਗਾਟਾ ਮਾਰੂ ਜਹਾਜ਼ ਦੇ ਸ਼ਹੀਦਾਂ ਵਿਚ ਸਿਖਾਂ ਦੀ ਬਹੁਤ ਵੱਡੀ ਗਿਣਤੀ ਸ਼ਾਮਲ ਹੈ। ੧੯੧੯ ਦੇ ਮਾਰਸ਼ਲ ਲਾਅ ਸਮੇਂ ਸਿਖਾਂ ਨੇ ਬੜੀ ਬਹਾਦਰੀ ਤੇ ਦਲੇਰੀ ਨਾਲ ਬਰਤਾਨੀਆ ਸਰਕਾਰ ਵਿਰੁਧ ਬਗਾਵਤ ਦਾ ਝੰਡਾ ਚੁਕਿਆ ਤੇ ਬੜੀਆਂ ਸਖਤ ਕੁਰਬਾਨੀਆਂ ਭਾਰਤ ਦੀ ਅਜ਼ਾਦੀ ਲਈ ਕੀਤੀਆਂ। ਇਸ ਤੋਂ ਪਿਛੋਂ ਗੁਰਦੁਆਰਾ ਸੁਧਾਰ ਲਹਿਰ ਉਠੀ ਜਿਸ ਦਾ ਸਬੰਧ ਨਿਰੋਲ ਰੂਪ ਵਿਚ ਸਿਖ ਧਰਮ ਨਾਲ ਸੀ, ਪਰ ਇਸ ਲਹਿਰ ਵਿਚ ਸਿੱਖ ਕੌਮ ਨੇ ਜੋ ਸਫਲਤਾ ਪ੍ਰਾਪਤ ਕੀਤੀ, ਉਸ ਨੇ ਹੁਕਮਰਾਨ ਟੋਲੇ ਦੇ ਵੱਕਾਰ ਨੂੰ ਬਹੁਤ ਵੱਡੀ ਸੱਟ ਮਾਰੀ।

ਸ਼੍ਰੋ: ਅਕਾਲੀ ਦਲ ਨੇ ੧੯੩੭ 'ਚ ਕਾਂਗਰਸ ਪਾਰਟੀ ਨਾਲ ਇਕ ਸਮਝੌਤਾ

ਕੀਤਾ, ਜਿਸ ਅਧੀਨ ਅਫਸਰਸ਼ਾਹੀ ਨਾਲ ਯੂਨੀਅਨਿਸਟ ਪਾਰਟੀ ਦੇ ਸਮਝੌਤੇ ਨੂੰ ਕਰਾਰੀ ਹਾਰ ਦੇ ਕੇ ਚੋਣਾਂ ਵਿਚ ਸਫਲਤਾ ਪ੍ਰਾਪਤ ਕੀਤੀ। ਪਰ ਕਾਂਗਰਸ ਵਲੋਂ ਹਮੇਸ਼ਾ ਹੀ ਮੁਸਲਿਮ ਲੀਗ ਨਾਲ ਪਿਆਰ ਦੀਆਂ ਪੀਂਘਾਂ ਪਾਈ ਰਖਣ ਦੀ ਰੁਚੀ ਕਾਰਨ ਸਿਖਾਂ ਨੂੰ ਇਹ ਚਿੰਤਾ ਰਹਿੰਦੀ ਸੀ ਕਿ ਕਾਂਗਰਸ ਪਾਰਟੀ ਅਜ਼ਾਦੀ ਪ੍ਰਾਪਤ ਕਰਨ ਦੀ ਉਤਸੁਕਤਾ ਅਧੀਨ ਕਿਤੇ ਸਿਖਾਂ ਦੇ ਹੋਮ ਲੈਂਡ ਨੂੰ ਮੁਸਲਮਾਨਾਂ ਦੇ ਸਪੁਰਦ ਹੀ ਨਾ ਕਰ ਦੇਵੇ ਤੇ ਸਿੱਖ ਹਮੇਸ਼ਾ ਲਈ ਮੁਸਲਮਾਨਾਂ ਦੀ ਗੁਲਾਮੀ ਦੀ ਪੰਜਾਲੀ ਵਿਚ ਨਾ ਜੋਤੇ ਜਾਣ। ਇਸ ਸ਼ੱਕੀ ਡਰ ਕਾਰਨ ਸਿਖਾਂ ਵਿਚ ਇਹੋ ਜਹੀ ਵਿਚਾਰਧਾਰਾ ਵਾਲਾ ਇਕ ਧੜਾ ਪੈਦਾ ਹੋ ਗਿਆ ਕਿ ਸਿਖਾਂ ਨੂੰ ਮੁਕੰਮਲ ਰੂਪ ਵਿਚ ਸਵਤੰਤ੍ਰਤਾ ਲਈ ਆਪਣੀ ਵਖਰੀ ਲੀਕ ਉਲੀਕਣੀ ਚਾਹੀਦੀ ਹੈ। ਪਰ ਇਸ ਦੇ ਬਾਵਜੂਦ ਆਪਣੀ ਵਖਰੀ ਹੋਂਦ ਨੂੰ ਕਾਇਮ ਰਖਦਿਆਂ ਇਸ ਛੋਟੀ ਜਿਹੀ ਕੌਮ ਨੇ ਕਾਂਗਰਸ ਨਾਲ ਹਮੇਸ਼ਾਂ ਹੀ ਵਫ਼ਾਦਾਰੀ ਨਿਭਾਈ ਹੈ। ਖਾਸ ਕਰਕੇ ੧੯੪੨, ੧੯੪੫ ਅਤੇ ੧੯੪੬ ਵਿਚ ਕੀਤੇ ਗਏ ਸਮਝੌਤਿਆਂ ਦੇ ਅਧਾਰ ਤੇ ਸਿੱਖ ਹਮੇਸ਼ਾਂ ਹੀ ਕਾਂਗਰਸ ਦੇ ਵਫ਼ਾਦਾਰ ਰਹੇ ਹਨ।

ਕੈਬਨਿਟ ਮਿਸ਼ਨ ਪਲਾਨ ਨੇ ਸਿਖਾਂ ਨਾਲ ਬੜਾ ਧੱਕਾ ਅਤੇ ਧਰੋਹ ਕਮਾਇਆ। ਪਰ ਇਸ ਪਲਾਨ ਨੂੰ ਕਾਂਗਰਸ ਵਰਕਿੰਗ ਕਮੇਟੀ ਨੇ ਆਪਣੀ ੨੫ ਜੂਨ ੧੯੪੬ ਦੀ ਮੀਟਿੰਗ ਵਿਚ ਪ੍ਰਵਾਨ ਕਰ ਲਿਆ। ਇਸ ਨਾਲ ਸਿਖਾਂ ਵਿਚ ਸਖਤ ਨਰਾਜ਼ਗੀ ਪੈਦਾ ਹੋ ਗਈ ਤੇ ਪੰਥਕ ਪ੍ਰਤੀਨਿਧ ਬੋਰਡ ਨੇ ੫ ਜੁਲਾਈ ੧੯੪੬ ਨੂੰ ਇਕ ਮਤਾ ਪਾਸ ਕਰਕੇ ਸੰਵਿਧਾਨ ਘੜਨੀ ਸਭਾ ਦਾ ਬਾਈਕਾਟ ਕਰਨ ਦਾ ਫੈਸਲਾ ਕਰ ਲਿਆ, ਜਦ ਕਿ ਮੁਸਲਿਮ ਲੀਗ ਨੇ ਇਸ ਨੂੰ ਪ੍ਰਵਾਨ ਕਰ ਲਿਆ ਸੀ। ਕਾਂਗਰਸ ਵਰਕਿੰਗ ਕਮੇਟੀ ਨੇ ਆਪਣੀ ੧੦ ਅਗਸਤ ੧੯੪੬ ਦੀ ਮੀਟਿੰਗ ਵਿਚ ਸਿਖਾਂ ਨੂੰ ਇਹ ਅਪੀਲ ਕੀਤੀ ਕਿ ਸਿੱਖ ਆਪਣੇ ਫੈਸਲੇ ਤੇ ਮੁੜ ਵਿਚਾਰ ਕਰਨ ਅਤੇ ਸੰਵਿਧਾਨ ਘੜਨੀ ਸਭਾ ਵਿਚ ਸ਼ਮੂਲੀਅਤ ਕਰਨ। ਵਰਕਿੰਗ ਕਮੇਟੀ ਨੇ ਸਿਖਾਂ ਨੂੰ ਇਹ ਭਰੋਸਾ ਦਿੱਤਾ ਕਿ ਸਿਖਾਂ ਦੇ ਮੁਫ਼ਾਦ ਨੂੰ ਸਾਹਮਣੇ ਰਖਦਿਆਂ ਸਿਖਾਂ ਦੇ ਹਰ ਪ੍ਰਕਾਰ ਦੇ ਸ਼ੰਕੂਕ ਨੂੰ ਦੂਰ ਕੀਤਾ ਜਾਵੇਗਾ ਤੇ ਸਿਖਾਂ ਨਾਲ ਕਿਸੇ ਪ੍ਰਕਾਰ ਦਾ ਕੋਈ ਵਿਤਕਰਾ ਨਹੀਂ ਰਹਿਣ ਦਿੱਤਾ ਜਾਵੇਗਾ। ਕਾਂਗਰਸ ਵਰਕਿੰਗ ਕਮੇਟੀ ਦੇ ਇਸ ਭਰੋਸੇ ਕਾਰਨ ਸਿਖਾਂ ਨੇ ਆਪਣੇ ਫੈਸਲੇ ਤੇ ਮੁੜ ਵਿਚਾਰ ਕੀਤਾ ਤੇ ਸੰਵਿਧਾਨ ਘੜਦੀ ਸਭਾ ਵਿਚ ਆਪਣੇ ਪ੍ਰਤੀਨਿਧਾਂ ਨੂੰ ਇਹ ਹਦਾਇਤ ਕੀਤੀ ਕਿ ਸਿਖਾਂ ਦੇ ਵਿਤਕਰੇ ਦੂਰ ਕਰਵਾਉਣ ਲਈ ਯੋਗ ਸਮੇਂ ਸੰਵਿਧਾਨ ਘੜਨੀ ਸਭਾ ਵਿਚ ਅਵਾਜ਼ ਉਠਾਈ ਜਾਏ, ਕਿਉਂਕਿ ਸਿਖਾਂ ਨੂੰ ਇਹ ਭਰੋਸਾ ਦਿੱਤਾ ਗਿਆ ਹੈ ਕਿ

ਕਾਂਗਰਸ ਪਾਰਟੀ ਆਪਣੇ ੧੦ ਅਗਸਤ ੧੯੪੬ ਦੇ ਮਤੇ ਅਨੁਸਾਰ ਅਤੇ ਇਸ ਤੋਂ ਪਹਿਲਾਂ ੧੯੨੯ ਦੇ ਕਾਂਗਰਸ ਸੈਸ਼ਨ ਵਿਚ ਸਿਖਾਂ ਨਾਲ ਕੀਤੇ ਗਏ ਵਾਅਦਿਆਂ ਦੇ ਅਧਾਰ ਤੇ ਸੰਵਿਧਾਨ ਘੜਨੀ ਸਭਾ ਵਿਚ ਕਾਂਗਰਸ ਪਾਰਟੀ ਸਿਖਾਂ ਦੀਆਂ ਮੰਗਾਂ ਦੀ ਹਮਾਇਤ ਕਰੇਗੀ। ਇਸ ਸਮੇਂ ਤੋਂ ਹੀ ਸਿੱਖ ਹਮੇਸ਼ਾਂ ਕਾਂਗਰਸ ਨਾਲ ਮੋਢੇ ਨਾਲ ਮੋਢਾ ਜੋੜ ਕੇ ਹਰ ਸੰਘਰਸ਼ ਵਿਚ ਖੜੇ ਰਹੇ ਹਨ। ਇਸ ਤੋਂ ਬਿਨਾਂ ਫਿਰ ੬ ਜਨਵਰੀ ੧੯੪੭ ਨੂੰ ਬਰਤਾਨੀਆ ਸਰਕਾਰ ਵਲੋਂ ਕੈਬਨਿਟ ਕਮਿਸ਼ਨ ਪਲਾਨ ਨੂੰ ਕਾਂਗਰਸ ਨੇ ਪ੍ਰਵਾਨ ਕਰਦਿਆਂ ਹੋਇਆ ਇਹ ਸਪੱਸ਼ਟ ਕੀਤਾ ਕਿ ਪੰਜਾਬ ਵਿਚ ਸਿਖਾਂ ਦੇ ਹਿਤਾਂ ਨੂੰ ਕਿਸੇ ਵੀ ਕੀਮਤ ਤੇ ਖਤਰੇ ਵਿਚ ਪੈਣ ਨਹੀਂ ਦਿੱਤਾ ਜਾਏਗਾ। ਫਿਰ ੮ ਮਾਰਚ ੧੯੪੭ ਨੂੰ ਕਾਂਗਰਸ ਵਰਕਿੰਗ ਕਮੇਟੀ ਨੇ ਸਿਖਾਂ ਨੂੰ ਇਹ ਭਰੋਸਾ ਦਿੱਤਾ ਕਿ ਉਹ ਸਿੱਖ ਪ੍ਰਤੀਨਿਧਾਂ ਨਾਲ ਬਹੁਤ ਨੇੜੇ ਦਾ ਸਹਿਯੋਗ ਬਣਾਈ ਰਖਣਗੇ ਤਾਂ ਕਿ ਸਿਖਾਂ ਦੇ ਹਿਤਾਂ ਨੂੰ ਸੁਰਖਿਅਤ ਰਖਿਆ ਜਾ ਸਕੇ।

ਇਸ ਤੋਂ ਬਿਨਾਂ ਕਾਂਗਰਸ ਪਾਰਟੀ ਵਾਰ ਵਾਰ ਇਹ ਦੁਹਰਾਈ ਜਾ ਰਹੀ ਸੀ ਕਿ ਸਾਰੀਆਂ ਹੀ ਘੱਟ ਗਿਣਤੀਆਂ ਦੇ ਹਿਤਾਂ ਨੂੰ ਪੂਰਨ ਤੌਰ ਤੇ ਸੁਰਖਿਅਤ ਰਖਿਆ ਜਾਇਗਾ, ਪਰ ਮੁਸਲਮਾਨਾਂ ਨੇ ਕਾਂਗਰਸ ਦੇ ਭਰੋਸਿਆਂ ਤੇ ਯਕੀਨ ਕਰਨ ਤੋਂ ਇਨਕਾਰ ਕਰ ਦਿਤਾ ਤੇ ਆਪਣੇ ਵੱਖਰੇ ਘਰ ਦੀ ਮੰਗ ਜਾਰੀ ਰਖੀ। ਉਨ੍ਹਾਂ ਨੂੰ ਪਾਕਿਸਤਾਨ ਮਿਲ ਗਿਆ ਤੇ ਉਹਨਾਂ ਦੇ ਸਾਰੇ ਵਿਤਕਰੇ ਦੂਰ ਹੋ ਗਏ। ਐਂਗਲੋ-ਇੰਡੀਅਨ ਨੂੰ ਵੀ ਪੂਰੀ ਤਰ੍ਹਾਂ ਸੁਰਖਿਆ ਦਿਤੀ ਗਈ ਤੇ ਉਹਨਾਂ ਨੂੰ ਕੋਈ ਗਿਲਾ-ਸ਼ਿਕਵਾ ਨਾ ਰਿਹਾ। ਈਸਾਈ ਅਤੇ ਪਾਰਸੀ ਵਿਦਿਅਕ ਅਤੇ ਆਰਥਿਕ ਤੌਰ ਤੇ ਬਹੁਤ ਅਗੇ ਜਾ ਚੁਕੇ ਸਨ ਜਿਸ ਕਾਰਨ ਉਹਨਾਂ ਵੀ ਇਹ ਐਲਾਨ ਕਰ ਦਿਤਾ ਕਿ ਉਹਨਾਂ ਦੇ ਹਿਤ ਸੁਰਖਿਅਤ ਹਨ ਤੇ ਉਹਨਾਂ ਨੂੰ ਕਿਸੇ ਸੁਰਖਿਆ ਦੀ ਲੋੜ ਨਹੀਂ। ਇਹ ਕੇਵਲ ਸਿਖ ਹੀ ਸਨ ਜਿਹੜੇ ਵਾਰ ਵਾਰ ਇਹ ਦੁਹਾਈ ਦੇ ਰਹੇ ਸਨ ਕਿ ਉਹਨਾਂ ਦੇ ਹਿਤਾਂ ਨੂੰ ਖਤਰਾ ਹੈ ਜਿਸ ਕਾਰਨ ਉਹਨਾਂ ਦੇ ਹਿਤ ਸੁਰਖਿਅਤ ਕੀਤੇ ਜਾਣੇ ਚਾਹੀਦੇ ਹਨ, ਪਰ ਉਹਨਾਂ ਨੂੰ ਕੋਰਾ ਠੁੱਠ ਹੀ ਵਿਖਾਇਆ ਗਿਆ ਹੈ। ਸਿਖ ਇਹ ਸਮਝਣ ਤੋਂ ਬਿਲਕੁਲ ਅਸਮਰਥ ਹਨ ਕਿ ਉਨ੍ਹਾਂ ਨਾਲ ਇਸ ਤਰ੍ਹਾਂ ਦਾ ਭੈੜਾ ਵਰਤਾਉ ਕਿਉਂ ਕੀਤਾ ਜਾ ਰਿਹਾ ਹੈ? ਬਹੁਤ ਗਿਣਤੀ ਵਲੋਂ ਘੱਟ ਗਿਣਤੀ ਤੇ ਬੜੀ ਜ਼ਾਲਮਾਨਾ ਹਕੂਮਤ ਕੀਤੀ ਜਾ ਸਕਦੀ ਹੈ ਤੇ ਇਥੋਂ ਤਕ ਕਿ ਘੱਟ ਗਿਣਤੀ ਨੂੰ ਬਿਲਕੁਲ ਖਤਮ ਕੀਤਾ ਜਾ ਸਕਦਾ ਹੈ। ਪਰ ਇਹਨਾਂ ਤਰੀਕਿਆਂ ਨਾਲ ਘੱਟ ਗਿਣਤੀਆਂ ਨੂੰ ਸੰਤੁਸ਼ਟ ਅਤੇ ਤ੍ਰਿਪਤ ਨਹੀਂ ਕੀਤਾ ਜਾ ਸਕੇਗਾ।

ਵੱਖਰੀ ਚੋਣ ਪ੍ਰਣਾਲੀ ਨੂੰ ਪਰੇ ਸੁਟ ਦਿਤਾ ਗਿਆ ਹੈ। ਸਿਖਾਂ ਨੇ ਇਸ ਨੂੰ ਬੜੀ ਪ੍ਰਸੰਸਾ ਨਾਲ ਪੇਸ਼ ਕੀਤਾ ਸੀ। ਵਿਧਾਨ ਸਭਾਵਾਂ ਵਿਚ ਜਨ-ਸੰਖਿਆ ਦੇ ਅਧਾਰ ਤੇ ਰਾਖਵੀਆਂ ਸੀਟਾਂ ਨੂੰ ਖਤਮ ਕਰ ਦਿਤਾ ਗਿਆ। ਇਹਨਾਂ ਦੇ ਪ੍ਰਤੀਨਿਧ ਦੂਜਿਆਂ ਨਾਲ ਲਾਈਨ ਵਿਚ ਲਗੇ ਰਹਿਣਗੇ। ਪਰ ਸੇਵਾਵਾਂ ਸਬੰਧੀ ਆਰਥਿਕ ਸੁਰਖਿਆ ਵੀ ਨਹੀਂ ਦਿਤੀ ਗਈ। ਜਾਂਚ ਕਰਨ ਤੋਂ ਇਹ ਬੜੀ ਨਿਗੁਣੀ ਜਹੀ ਪ੍ਰਤੀਤ ਹੁੰਦੀ ਹੈ ਪਰ ਜਿਥੇ ਬਹੁ-ਗਿਣਤੀ ਦੀ ਪਰਖ ਹੋਣੀ ਹੈ ਉਥੇ ਇਹ ਇਕ ਟੈਸਟ ਕੇਸ ਹੈ। ਇਹ ਕਿਹਾ ਜਾਂਦਾ ਹੈ ਕਿ ਇਹ ਧਾਰਮਕ ਘੱਟ ਗਿਣਤੀਆਂ ਦੀ ਪ੍ਰਵਾਨਗੀ ਵਿਚ ਇਹ ਇਕ ਰੁਕਾਵਟ ਹੈ ਪਰ ਸੰਵਿਧਾਨ ਵਿਚ ਐਂਗਲੋ ਇੰਡੀਅਨ ਨੂੰ ਸੁਰਖਿਆ ਦਿਤੀ ਗਈ ਹੈ। ਉਹ ਧਾਰਮਿਕ ਅਤੇ ਨਸਲੀ ਘੱਟ ਗਿਣਤੀ ਵਿਚ ਹਨ ਜਿਹਾ ਕਿ ਸਰਕਾਰ ਦੀਆਂ ਆਪਣੀਆਂ ਪ੍ਰਕਾਸ਼ਨਾਵਾਂ ਦੱਸਦੀਆਂ ਹਨ। ਨੌਕਰੀਆਂ ਵਿਚ ਸਿਖਾਂ ਦੇ ਹਕੂਕ ਸੁਰਖਿਅਤ ਕਰਨ ਨਾਲ ਸੰਵਿਧਾਨ ਦਾ ਹੁਲੀਆ ਵਿਗੜ ਜਾਏਗਾ। ਇਹ ਸਾਨੂੰ ਦਸਿਆ ਜਾਂਦਾ ਹੈ ਪਰ ਇਸੇ ਤਰ੍ਹਾਂ ਦੇ ਹਕੂਕ ਦੀ ਸੁਰਖਿਆ ਅਨੁਸੂਚਿਤ ਜਾਤੀਆਂ ਅਤੇ ਸੂਚੀਦਰਜ ਕਬੀਲਿਆਂ ਐਂਗਲੋ ਇੰਡੀਅਨ ਦੀ ਸੰਵਿਧਾਨ ਵਿਚ ਕੀਤੀ ਗਈ ਹੈ। ਇਸ ਨਾਲ ਸੰਵਿਧਾਨ ਦੀ ਸੁੰਦਰਤਾ ਨਹੀਂ ਘਟੀ। ਸਿਖਾਂ ਦੀ ਆਰਥਿਕਤਾ ਖੇਤੀ ਬਾੜੀ ਅਤੇ ਫੌਜ ਦੀਆਂ ਸੇਵਾਵਾਂ ਤੇ ਨਿਰਭਰ ਕਰਦੀ ਹੈ। ਜ਼ਮੀਨਾਂ ਪਾਕਿਸਤਾਨ ਵਿਚ ਰਹਿ ਗਈਆਂ ਅਤੇ ਫੌਜ ਵਿਚ ਸਿਖਾਂ ਦੀ ਭਰਤੀ ਦਿਨ ਪ੍ਰਤੀ ਦਿਨ ਘਟਾਈ ਜਾ ਰਹੀ ਹੈ।

ਸਿਖਾਂ ਦੀਆਂ ਮੰਗਾਂ ਬੜੀਆਂ ਸਾਦਾ ਹਨ। ਉਨ੍ਹਾਂ ਪੰਜਾਬੀ ਬੋਲੀ ਦੇ ਅਧਾਰ ਤੇ ਸੂਬੇ ਦੀ ਮੰਗ ਕੀਤੀ। ਇਸ ਮੰਗ ਨੂੰ ਠੁਕਰਾਇਆ ਗਿਆ। ਇਹ ਫਿਰਕੂ ਮੰਗ ਨਹੀਂ ਸੀ, ਕੇਵਲ ਇਲਾਕਾਈ ਮੰਗ ਸੀ। ਪਰ ਸੂਬੇ ਵਿਚ ਰਹਿ ਰਹੀ ਬਹੁ-ਗਿਣਤੀ ਇਸ ਹੱਦ ਤਕ ਚਲੀ ਗਈ ਕਿ ਉਹ ਆਪਣੀ ਮਾਂ ਬੋਲੀ ਤੋਂ ਹੀ ਮੁਨਕਰ ਹੋ ਗਈ। ਇਸ ਕਾਰਨ ਇਸ ਬੋਲੀ (ਪੰਜਾਬੀ) ਨੂੰ ਬਹੁ-ਗਿਣਤੀ ਦੇ ਫਿਰਕਾ ਪ੍ਰਸਤੀ ਦੇ ਮਾਰੂ ਹਮਲੇ ਤੋਂ ਖਤਰਾ ਉਤਪੰਨ ਹੋ ਗਿਆ। ਆਂਧਰਾ ਪ੍ਰਦੇਸ਼ ਦਾ ਮਸਲਾ ਹੱਲ ਹੋ ਚੁੱਕਾ ਹੈ ਤੇ ਦੂਜੇ ਰਾਜਾਂ ਦੇ ਕੇਸ ਤੇ ਵਿਚਾਰ ਹੋ ਰਿਹਾ ਹੈ, ਪਰ ਉਤਰੀ ਭਾਰਤ ਬਾਰੇ ਕੋਈ ਖਿਆਲ ਨਹੀਂ ਕੀਤਾ ਜਾ ਰਿਹਾ। ਇਸ ਤੋਂ ਅਗਲੀ ਮੰਗ ਸੇਵਾਵਾਂ ਬਾਰੇ ਹੈ, ਜਿਸ ਤੋਂ ਵੀ ਵਿਚਾਰ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ।

ਸ੍ਰੀ ਖੰਡਕਰ ਨੇ ਅੱਜ ਇਹ ਕਿਹਾ ਕਿ ਸਿਖਾਂ ਵਿਚ ਛੂਤ ਛਾਤ ਨਹੀਂ ਹੈ ਤੇ ਸੀਟਾਂ ਅਨਸੂਚਿਤ ਜਾਤੀ ਦੀਆਂ ਸੀਟਾਂ ਤੋਂ ਲਈਆਂ ਗਈਆਂ ਹਨ। ਮੈਂ (ਸ: ਹੁਕਮ ਸਿੰਘ) ਇਥੇ ਸੰਖੇਪ ਵਿਚ ਦੱਸਣਾ ਚਾਹੁੰਦਾ ਹਾਂ ਕਿ ਸਿਖਾਂ ਵਿਚ

ਛੂਤ ਛਾਤ ਬਿਲਕੁਲ ਨਹੀਂ ਹੈ, ਪਰ ਜੇਕਰ ਇਕ ਅਨਸੂਚਿਤ ਜਾਤੀ ਦੇ ਇਕ ਪਿਤਾ ਦੇ ਦੋ ਲੜਕਿਆਂ ਵਿਚ ਇਕ ਲੜਕਾ ਸਿੱਖ ਧਰਮ ਦਾ ਧਾਰਨੀ ਬਣ ਜਾਂਦਾ ਹੈ ਤਾਂ ਉਸ ਨੂੰ ਅਨਸੂਚਿਤ ਜਾਤੀ ਨੂੰ ਦਿਤੀਆਂ ਜਾਣ ਵਾਲੀਆਂ ਸਹੂਲਤਾਂ ਤੋਂ ਕੇਵਲ ਇਸ ਲਈ ਵਾਂਝਿਆ ਰਖਿਆ ਜਾਏਗਾ ਕਿ ਉਸ ਨੇ ਸਿੱਖ ਧਰਮ ਧਾਰਨ ਕਰ ਲਿਆ ਹੈ ਜਦ ਕਿ ਉਸ ਦਾ ਦੂਜਾ ਭਰਾ ਲਗਾਤਾਰ ਇਹ ਸਹੂਲਤਾਂ ਪ੍ਰਾਪਤ ਕਰਦਾ ਰਵੇਗਾ। ਕੀ ਇਹ ਧਾਰਮਿਕ ਤੌਰ ਤੇ ਵਿਤਕਰਾ ਨਹੀਂ ਹੈ ? ਮੈਂ ਸਮਝਦਾ ਹਾਂ ਕਿ ਇਹ ਬੇਇਨਸਾਫ਼ੀ ਦੂਰ ਕੀਤੀ ਗਈ ਹੈ।

ਇਸੇ ਤਰ੍ਹਾਂ ਦੂਜਾ ਹਵਾਲਾ ਇਹ ਦਿੱਤਾ ਗਿਆ ਕਿ ਸਿਖਾਂ ਲਈ ਸੀਟਾਂ ਸੂਚੀ ਦਰਜ ਜਾਤੀ ਦੇ ਕੋਟੇ ਵਿਚ ਦਿਤੀਆਂ ਗਈਆਂ ਹਨ। ਇਹ ਗੱਲ ਮੇਰੀ ਸਮਝ ਵਿਚ ਨਹੀਂ ਆਈ ਕਿ ਸੂਚੀ ਦਰਜ ਜਾਤੀਆਂ ਅਤੇ ਕਬੀਲਿਆਂ ਨੂੰ ਰਾਖਵੀਆਂ ਸੀਟਾਂ ਅਬਾਦੀ ਦੇ ਅਧਾਰ ਤੇ ਦਿਤੀਆਂ ਗਈਆਂ ਹਨ। ਜੇ ਕੋਈ ਜਾਤੀ ਸੂਚੀ ਦਰਜ ਜਾਤੀ ਵਿਚ ਸ਼ਾਮਲ ਹੋ ਜਾਂਦੀ ਹੈ ਤਾਂ ਇਸ ਨਾਲ ਉਸ ਦੀ ਜਨ-ਸੰਖਿਆ ਵੱਧ ਜਾਵੇਗੀ ਤੇ ਉਸ ਦੀਆਂ ਸੀਟਾਂ ਵੀ ਵੱਧ ਜਾਣਗੀਆਂ। ਇਹ ਗੱਲ ਬਿਲਕੁਲ ਮੰਨਣ ਯੋਗ ਨਹੀਂ ਕਿ ਸਿੱਖ ਉਨ੍ਹਾਂ ਦੀਆਂ ਸੀਟਾਂ ਦੇ ਕੋਟੇ ਚੋਂ ਸੀਟਾਂ ਲੈਣਗੇ।

> ਇਨ੍ਹਾਂ ਹਾਲਾਤ ਅਧੀਨ ਇਹ ਕੁਦਰਤੀ ਗੱਲ ਹੈ ਕਿ ਸਿਖਾਂ ਵਿਚ ਮਾਯੂਸੀ ਅਤੇ ਨਿਰਾਸ਼ਾ ਪੈਦਾ ਹੋ ਗਈ ਹੈ। ਉਹ (ਸਿੱਖ) ਇਹ ਮਹਿਸੂਸ ਕਰਨ ਲੱਗ ਪਏ ਹਨ ਕਿ ਉਹਨਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਇਸ ਲਈ ਇਹ ਗਲਤ ਫਹਿਮੀ ਪੈਦਾ ਨਹੀਂ ਹੋਣੀ ਚਾਹੀਦੀ ਕਿ ਸਿਖਾਂ ਨੇ ਇਸ ਸੰਵਿਧਾਨ ਨੂੰ ਪ੍ਰਵਾਨ ਕਰ ਲਿਆ ਹੈ। ਮੇਰਾ (ਸ: ਹੁਕਮ ਸਿੰਘ) ਇਹ ਜ਼ੋਰਦਾਰ ਰੋਸ ਇਥੇ ਰੀਕਾਰਡ ਕੀਤਾ ਜਾਏ ਕਿ ਮੇਰੀ ਕੌਮ (ਸਿੱਖ) ਇਸ ਇਤਿਹਾਸਕ ਦਸਤਾਵੇਜ਼ ਤੇ ਆਪਣੀ ਪ੍ਰਵਾਨਗੀ ਦੇ ਹਸਤਾਖਰ ਨਹੀਂ ਕਰਦੀ ਹੈ।

ਹੁਣ ਮੈਂ ਸ਼ਕਤੀ ਦੇ ਕੇਂਦਰੀਕਰਨ ਵਲ ਆਉਂਦਾ ਹਾਂ। ਪਿਛਲੇ ੩੦ ਸਾਲਾਂ ਤੋਂ ਪਾਲਸੀ ਇਸ ਪਾਸੇ ਹੀ ਵਧਦੀ ਰਹੀ ਕਿ ਸੂਬਿਆਂ ਨੂੰ ਸਵੈ-ਸਾਸ਼ਨ ਦਿੱਤਾ ਜਾਏਗਾ, ਇਸ ਲਈ ਨਿਆ ਪੂਰਵਕ ਕਾਰਨ ਹਨ। ਦੇਸ਼ ਦੀ ਵਿਸ਼ਾਲਤਾ ਅਤੇ ਭਾਂਤ ਭਾਂਤ ਦੀ ਜਨ-ਸੰਖਿਆ ਤੇ ਭਾਂਤ ਭਾਂਤ ਦੀਆਂ ਭਾਸ਼ਾਵਾਂ ਅਤੇ ਵਖਰੇ ਵਖਰੇ ਸਮਾਜਿਕ ਸਿਸਟਮ ਤੇ ਵਖਰੇ ਵਖਰੇ ਆਰਥਿਕ ਵਿਕਾਸ ਇਹ ਦਸਦੇ ਹਨ ਕਿ ਹਰ ਥਾਂ ਤੇ ਦੇਸ਼ ਵਿਚ ਏਕੀਕਰਨ ਅਸੰਭਵ ਹੈ।

ਪੁਰਾਣੇ ਸਮੇਂ ਵਿਚ ਜਦੋਂ ਵੀ ਕੇਂਦਰ ਵਿਚ ਸ਼ਕਤੀ ਦਾ ਕੇਂਦਰੀਕਰਨ ਕੀਤਾ ਗਿਆ ਤਾਂ ਇਹ ਪ੍ਰਣਾਲੀ ਆਪਣੇ ਭਾਰ ਨਾਲ ਹੀ ਟੁੱਟ ਜਾਂਦੀ ਰਹੀ। ਸਵਤੰਤਰ ਯੂਨਿਟ ਜਿਨ੍ਹਾਂ ਵਿਚਕਾਰ ਬੜੀ ਜ਼ੁਮੇਵਾਰੀ ਨਾਲ ਆਪਸੀ ਸਹਿਯੋਗ ਕਰਨ ਨਾਲ ਵਧੇਰੇ ਮਜ਼ਬੂਤੀ ਦੇਸ਼ ਦੀ ਰਹਿ ਸਕੇਗੀ। ਸਾਡੇ ਸੰਵਿਧਾਨ ਵਿਚ ਹਰ ਧਾਰਾ ਸਥਾਨਕ ਸਵਤੰਤ੍ਰਤਾ ਦਾ ਰਸ ਚੂਸ ਲੈਂਦੀ ਹੈ ਤੇ ਸੂਬਿਆਂ ਨੂੰ ਗੈਰ ਜ਼ੁੰਮੇਵਾਰ ਬਨਾਉਂਦੀ ਹੈ।

ਆਪਣੇ ਇਸ ਇਤਿਹਾਸਕ ਭਾਸ਼ਨ ਵਿਚ ਸ: ਹੁਕਮ ਸਿੰਘ ਨੇ ਸੰਵਿਧਾਨ ਘੜਨੀ ਸਭਾ ਵਿਚ ਧਾਰਾ ੬੮ (੨), ਧਾਰਾ ੭੫, ੭੫ (੨) ੧੨੩, ੩੫੮ ਆਦਿ ਬਾਰੇ ਵੀ ਸਖਤ ਅਲੋਚਨਾ ਕਰਦਿਆਂ ਸੰਵਿਧਾਨ ਦੇ ਹਰ ਪਹਿਲੂ ਤੇ ਇਸ ਦੇ ਮਾਰੂ ਸਿਟਿਆਂ ਤੋਂ ਸਤਿਕਾਰ ਯੋਗ ਮੈਂਬਰਾਂ ਨੂੰ ਜਾਣੂ ਕਰਵਾਇਆ ਸੀ।

ਸੰਵਿਧਾਨ ਘੜਨੀ ਸਭਾ ਵਿਚ ਵੱਖ ਵੱਖ ਮੈਂਬਰਾਂ ਨੇ ਆਪਣੀਆਂ ਫਿਰਕੂ ਭਾਵਨਾ ਨੂੰ ਜਿਸ ਰੂਪ ਵਿਚ ਪ੍ਰਗਟ ਕੀਤਾ ਉਨ੍ਹਾਂ ਦੇ ਭਾਗ ਵੀ ਪਾਠਕਾਂ ਸਾਹਮਣੇ ਪੇਸ਼ ਕਰਨੇ ਜ਼ਰੂਰੀ ਹਨ ਤਾਂ ਕਿ ਸੰਸਾਰ ਦੇ ਲੋਕ ਇਸ ਸਚਾਈ ਨੂੰ ਸਮਝ ਸਕਣ ਕਿ ਘੱਟ ਗਿਣਤੀ ਕੌਮਾਂ ਨੂੰ ਕਿਸ ਰੂਪ ਵਿਚ ਖਤਮ ਕਰਨ ਲਈ ਸੈਕੂਲਰ ਸੰਵਿਧਾਨ ਬਨਾਉਣ ਵਾਲੇ ਫਿਰਕਾ ਪ੍ਰਸਤ ਲੀਡਰਾਂ ਦੀ ਸੋਚ ਕੀ ਕੰਮ ਕਰ ਰਹੀ ਸੀ? ਸੰਵਿਧਾਨ ਘੜਨੀ ਸਭਾ ਦੇ ਮੈਂਬਰਾਂ ਦੇ ਇਹ ਵਿਚਾਰ ਵੀ ਸਾਨੂੰ ਸ: ਹੁਕਮ ਸਿੰਘ ਦੀਆਂ ਪੁਰਾਣੀਆਂ ਡਾਇਰੀਆਂ ਵਿਚੋਂ ਪ੍ਰਾਪਤ ਹੋਏ ਹਨ, ਜਿਨ੍ਹਾਂ ਸਬੰਧੀ ਉਨ੍ਹਾਂ ਨੇ ਆਪਣੀ ਕਲਮ ਨਾਲ ਆਪਣੇ ਪ੍ਰਭਾਵ ਵੀ ਉਲੀਕੇ ਹਨ।

ਸੰਵਿਧਾਨ ਘੜਨੀ ਸਭਾ ਵਲੋਂ ੨੭ ਜਨਵਰੀ ੧੯੪੭ ਨੂੰ ਇਕ ੫੦ ਮੈਂਬਰੀ ਸਲਾਹਕਾਰ ਕਮੇਟੀ ਸਥਾਪਤ ਕੀਤੀ ਗਈ, ਜਿਸ ਦੇ ਚੇਅਰਮੈਨ ਸਰਦਾਰ ਪਟੇਲ ਥਾਪੇ ਗਏ। ਇਹ ਕਮੇਟੀ ਦੇਸ਼ ਦੀਆਂ ਘੱਟ ਗਿਣਤੀਆਂ ਸਬੰਧੀ ਕਾਇਮ ਕੀਤੀ ਗਈ ਸੀ, ਜਿਸ ਵਿਚ ਛੇ ਸਿੱਖ ਮੈਂਬਰ ਸ: ਬਲਦੇਵ ਸਿੰਘ, ਸ: ਜੋਗਿੰਦਰ ਸਿੰਘ, ਸ: ਪ੍ਰਤਾਪ ਸਿੰਘ ਕੈਰੋਂ, ਸ: ਉਜਲ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਸ਼ਾਮਲ ਸਨ। ਪਰ ਸ: ਹੁਕਮ ਸਿੰਘ ਅਤੇ ਸ: ਭੁਪਿੰਦਰ ਸਿੰਘ ਮਾਨ ਨੂੰ ਇਸ ਕਮੇਟੀ ਵਿਚ ਸ਼ਾਮਲ ਨਹੀਂ ਕੀਤਾ ਗਿਆ, ਜਿਥੇ ਕਿ ਘੱਟ ਗਿਣਤੀਆਂ ਸਬੰਧੀ ਫੈਸਲੇ ਕੀਤੇ ਜਾਣੇ ਸਨ। ਇਹ ਦੋ ਮੈਂਬਰ ਭਾਰਤ ਦੀ ਸੰਵਿਧਾਨ ਸਭਾ ਦੇ ਮੈਂਬਰ ਬਣਾਏ ਗਏ ਸਨ ਤੇ ਇਨ੍ਹਾਂ ਨੇ ਆਪਣੇ ਇਸ ਆਹੁਦੇ ਦੀ ਕਸਮ ੧੦-੪-੪੮ ਨੂੰ ਚੁਕੀ ਸੀ।

ਦੇਸ਼ ਦੀ ਵੰਡ ਕਰਵਾਉਣ ਲਈ ਲਾਰਡ ਮਾਊਂਟਬੈਟਨ ਵਲੋਂ ਕਾਂਗਰਸ ਲੀਡਰਾਂ ਨੂੰ ਮਨਾਉਣ ਦੇ ਯਤਨ ਜਾਰੀ ਸਨ। ਲਾਰਡ ਮਾਊਂਟਬੈਟਨ ਵਲੋਂ ਇਹ ਦਲੀਲ ਦਿਤੀ ਗਈ ਕਿ ੧੬ ਮਈ ੧੯੪੬ ਨੂੰ ਕੈਬਨਿਟ ਮਿਸਨ ਪਲਾਨ ਵਿਚ ਕਾਂਗਰਸੀ ਲੀਡਰਾਂ ਨੇ ਇਹ ਪ੍ਰਵਾਨ ਕਰ ਲਿਆ ਸੀ ਕਿ ਮੁਸਲਿਮ ਲੀਗ ਦੇ ਇਤਰਾਜ਼ਾਂ ਨੂੰ ਦੂਰ ਕਰਨ ਵਾਸਤੇ ਸੈਂਟਰ ਨੂੰ ਕਮਜ਼ੋਰ ਰਖਿਆ ਜਾਏਗਾ। (ਸੂਬਿਆਂ ਦੇ ਟਾਕਰੇ ਤੇ) ਪਰ ਜੇਕਰ ਉਤਰ ਪੂਰਬੀ ਖੇਤਰ ਅਤੇ ਉਤਰ ਪਛਮੀ ਖੇਤਰ ਵਿਚੋਂ ਕੁਝ ਇਲਾਕਾ ਵੱਖ ਕਰ ਦਿਤਾ ਜਾਏ ਤਾਂ ਭਾਰਤ ਕੇਂਦਰ ਵਿਚ ਮਜ਼ਬੂਤ ਸਰਕਾਰ ਕਾਇਮ ਰੱਖਣ ਦੀ ਯੋਜਨਾ ਬਣਾ ਸਕਦਾ ਹੈ। ਲਾਰਡ ਮਾਊਂਟਬੈਟਨ ਦੀ ਇਹ ਸਕੀਮ ਸਰਦਾਰ ਪਟੇਲ ਨੂੰ ਬਹੁਤ ਪਸੰਦ ਆਈ ਕਿਉਂਕਿ ਸਰਦਾਰ ਪਟੇਲ ਮੁਸਲਿਮ ਲੀਗ ਨਾਲ ਨਹੀਂ ਚਲ ਸਕਦੇ ਸਨ। ਇਸ ਸਮੇਂ ਤੋਂ ਹੀ ਸਰਦਾਰ ਪਟੇਲ ਦੇਸ਼ ਦੀ ਵੰਡ ਦੇ ਕੱਟੜ ਹਮਾਇਤੀ ਬਣ ਗਏ। ਇਸ ਦਲੀਲ ਨਾਲ ਸ: ਪਟੇਲ ਨੇ ਪੰਡਤ ਜਵਾਹਰ ਲਾਲ ਨਹਿਰੂ ਨੂੰ ਕਾਇਲ ਕਰ ਲਿਆ ਤੇ ਮਹਾਤਮਾ ਗਾਂਧੀ ਦੇ ਦੇਸ਼ ਦੇ ਬਟਵਾਰੇ ਦੇ ਵਿਰੋਧੀ ਵਿਚਾਰਾਂ ਨੂੰ ਸਖਤ ਧੱਕਾ ਮਾਰਿਆ।

ਜਦ ਸ: ਪਟੇਲ ਦਾ ਇਹ ਮਨ ਬਣ ਗਿਆ ਕਿ ਕੇਂਦਰੀ ਸਰਕਾਰ ਨੂੰ ਵੱਧ ਤੋਂ ਵੱਧ ਸ਼ਕਤੀਸ਼ਾਲੀ ਬਣਾਉਣਾ ਹੈ ਤਾਂ ਉਸ ਨੇ ਬੜੀ ਤੇਜ਼ੀ ਨਾਲ ਇਸ ਪਾਸੇ ਕੰਮ ਕਰਨਾ ਸ਼ੁਰੂ ਕਰ ਦਿਤਾ ਅਤੇ ਕਾਂਗਰਸ ਦੇ ਅੰਦਰੂਨੀ ਦਾਇਰੇ ਵਿਚ ਇਸ ਪੱਖ ਵਿਚ ਕੰਮ ਕਰਨਾ ਸ਼ੁਰੂ ਕਰ ਦਿਤਾ। ਘੱਟ ਗਿਣਤੀ ਦੇ ਵਸਨੀਕਾਂ ਨੂੰ ਸੁਰਖਿਆ ਦੇਣ ਤੋਂ ਮੁਨਕਰ ਹੋਣ ਵਾਸਤੇ ਸ: ਪਟੇਲ ਨੇ ਕਦਮ-ਬਾ-ਕਦਮ ਅਗੇ ਵੱਧਣਾ ਸ਼ੁਰੂ ਕਰ ਦਿਤਾ ਤਾਂ ਕਿ ਵੱਖਰੀ ਚੋਣ ਪ੍ਰਨਾਲੀ ਦੀ ਪਾਲਸੀ ਤੋਂ ਯਕਦਮ ਛਾਲ ਮਾਰ ਕੇ ਦੂਰ ਹਟਣ ਕਾਰਨ ਦੇਸ਼ ਦੀਆਂ ਘੱਟ ਗਿਣਤੀਆਂ ਨੂੰ ਯਕਦਮ ਤੱਕੜਾ ਝਟਕਾ ਲਗਣ ਦਾ ਡਰ ਸੀ। ਪਰ ਅਰੰਭ ਤੋਂ ਹੀ ਸਰਦਾਰ ਪਟੇਲ ਦਾ ਨਿਸ਼ਾਨਾ ਸਾਫ ਸੀ।

ਸਲਾਹਕਾਰ ਕਮੇਟੀ ਦੀਆਂ ਸਫ਼ਾਰਸ਼ਾਂ ਉਸ ਦੀ ਪਹਿਲੀ ਰਿਪੋਰਟ ਵਿਚ ੮ ਅਗਸਤ ੧੯੪੭ ਨੂੰ ਪੇਸ਼ ਕੀਤੀਆਂ ਗਈਆਂ ਜਿਨ੍ਹਾਂ ਵਿਚ ਕਿਹਾ ਗਿਆ ਕਿ :

(੧) ਚੋਣਾਂ ਸਾਂਝੀ ਚੋਣ ਪ੍ਰਨਾਲੀ ਅਧੀਨ ਹੋਣਗੀਆਂ, ਜਿਸ ਵਿਚ ਜਨ-ਸੰਖਿਆ ਅਨੁਸਾਰ ਸੀਟਾਂ ਰਾਖਵੀਆਂ ਹੋਣਗੀਆਂ।

(੨) ਕੈਬਨਿਟ ਵਿਚ ਕੋਈ ਰਾਖਵੀਂ ਸੀਟ ਨਹੀਂ ਹੋਵੇਗੀ ਪਰ ਇਹ ਪ੍ਰੰਪਰਾ ਕਾਇਮ ਕੀਤੀ ਜਾਵੇਗੀ ਕਿ ਘੱਟ ਗਿਣਤੀਆਂ ਨੂੰ ਯੋਗ ਪ੍ਰਤੀਨਿਧਤਾ ਮਿਲ ਸਕੇ।

(੩) ਨੌਕਰੀਆਂ ਵਿਚ ਘੱਟ ਗਿਣਤੀ ਦੇ ਫਿਰਕਿਆਂ ਦੇ ਕਲੇਮ ਨੂੰ ਧਿਆਨ ਨਾਲ ਇਕਸਾਰਤਾ 'ਚ ਰਖਿਆ ਜਾਏਗਾ।

(੪) ਇਸ ਸਬੰਧੀ ਸੁਰਖਿਆ ਵਾਸਤੇ ਰਾਸ਼ਟਰਪਤੀ ਕੇਂਦਰ ਵਿਚ ਅਤੇ ਰਾਜਪਾਲ ਸੂਬਿਆਂ ਵਿਚ ਇਕ ਉਚ ਅਧਿਕਾਰੀ ਦੀ ਨਿਯੁਕਤੀ ਕੀਤਾ ਕਰੇਗਾ ਕਿ ਉਹ ਸੁਰਖਿਆ ਕਾਰਜਾਂ ਸਬੰਧੀ ਰੀਪੋਰਟ ਪੇਸ਼ ਕਰਦਾ ਰਹੇ।

੨੫ ਅਗਸਤ ੧੯੪੭ ਨੂੰ ਸਲਾਹਕਾਰ ਕਮੇਟੀ ਨੇ ਸਪਲੀਮੈਂਟਰੀ ਰੀਪੋਰਟ ਪੇਸ਼ ਕੀਤੀ ਜਿਸ ਵਿਚ ਐਂਗਲੋ ਇੰਡੀਅਨ ਨੂੰ ਵਿਸ਼ੇਸ਼ ਅਧਿਕਾਰ ਦੇਣ ਦੀਆਂ ਸਿਫਾਰਸ਼ਾਂ ਕੀਤੀਆਂ ਗਈਆਂ।

੮ ਅਗਸਤ ੧੯੪੭ ਦੀ ਰੀਪੋਰਟ ਵਿਚ ਸਿਖਾਂ ਦਾ ਕੇਸ ਇਹ ਕਹਿ ਕੇ ਰੋਕ ਲਿਆ ਗਿਆ, ਰੈਡਕਲਿਫ ਐਵਾਰਡ ਵਿਚ ਸਿਖਾਂ ਦੀ ਪੋਜ਼ੀਸ਼ਨ ਇਸ ਵੇਲੇ ਤਕ ਸਾਫ ਨਹੀਂ ਹੋਈ। ਪਰ ਜਦ ੧੭ ਅਗਸਤ ੧੯੪੭ ਨੂੰ ਰੈਡਕਲਿਫ ਐਵਾਰਡ ਦਾ ਐਲਾਨ ਹੋ ਗਿਆ ਤਾਂ ਸੰਵਿਧਾਨ ਘੜਕੀ ਸਭਾ ਵਿਚ ਸ੍ਰੀ ਕੇ.ਐਮ. ਮੁਨਸ਼ੀ ਨੇ ੨੭ ਅਗਸਤ ੧੯੪੭ ਨੂੰ ਇਕ ਸੋਧ ਪੇਸ਼ ਕਰ ਦਿਤੀ ਕਿ ਪੂਰਬੀ ਪੰਜਾਬ ਵਿਚ ਪੈਦਾ ਹੋਏ ਹਾਲਾਤ ਨੂੰ ਮੁਖ ਰਖਦਿਆਂ ਸਿਖਾਂ ਸਬੰਧੀ ਸਾਰੇ ਮੁਆਮਲੇ ਤੇ ਪਿਛੋਂ ਵਿਚਾਰ ਕਰ ਲਿਆ ਜਾਏ। ਇਹ ਸੋਧ ਸੰਵਿਧਾਨ ਘੜਨੀ ਸਭਾ ਨੇ ਮਨਜ਼ੂਰ ਕਰਕੇ ਸਿਖਾਂ ਦੇ ਹਕੂਕ ਨੂੰ ਛਿੱਕੇ ਤੇ ਲਮਕਾ ਦਿਤਾ।

ਸਲਾਹਕਾਰ ਕਮੇਟੀ ਦੀ ਰੀਪੋਰਟ ਦੇ ਪੈਰਾ ੪ ਵਿਚ ਕਮੇਟੀ ਦੇ ਚੇਅਰਮੈਨ ਸਰਦਾਰ ਪਟੇਲ ਨੇ ਸਪਸ਼ਟ ਕੀਤਾ ਕਿ :

"ਸਾਂਝੀ ਚੋਣ ਪ੍ਰਣਾਲੀ ਦੇ ਪ੍ਰਭਾਵ ਤੋਂ ਘੱਟ ਗਿਣਤੀਆਂ ਨੂੰ ਚਿੰਤਾਤੁਰ ਹੋਣ ਦੀ ਕੋਈ ਲੋੜ ਨਹੀਂ ਕਿਉਂਕਿ ਸੀਟਾਂ ਰਾਖਵੀਆਂ ਕੀਤੀਆਂ ਜਾ ਰਹੀਆਂ ਹਨ।

ਸਿਖਾਂ ਸਬੰਧੀ ਸਾਰੇ ਮੁਆਮਲੇ ਨੂੰ ਛਿੱਕੇ ਤੇ ਟੰਗਣ ਪਿਛੋਂ ਮੁਸਲਮਾਨਾਂ ਦੀ ਵਾਰੀ ਆ ਗਈ। ਜਦੋਂ ਮੁਸਲਮਾਨ ਮੈਂਬਰਾਂ ਨੇ ਰਾਖਵੀਆਂ ਸੀਟਾਂ ਸਬੰਧੀ ਆਪਣੇ ਵਿਚਾਰ ਸੰਵਿਧਾਨ ਘੜਨੀ ਸਭਾ ਵਿਚ ਪੇਸ਼ ਕੀਤੇ ਤਾਂ ਹਿੰਦੂ ਮੈਂਬਰਾਂ ਤੇ ਬੜਾ ਤਿੱਖਾ ਪ੍ਰਤੀਕਰਮ ਹੋਇਆ।

ਅਨਾਥਹਸੀਅਨਮ ਆਈਐਂਗਰ (ਜਿਹੜਾ ਪਿਛੋਂ ਲੋਕ ਸਭਾ ਦਾ ਸਪੀਕਰ ਚੁਣਿਆ ਗਿਆ) ਨੇ ਸਪਸ਼ਟ ਕਿਹਾ ਕਿ :

"ਹਿੰਦੂ ਇਹ ਮਹਿਸੂਸ ਕਰਦੇ ਹਨ ਕਿ ਉਹ ਵੀ ਇਨਸਾਨ ਹਨ। ਜਦ

ਦੇਸ਼ ਦਾ ਬਟਵਾਰਾ ਹੋ ਗਿਆ ਤਾਂ ਉਹਨਾਂ (ਮੁਸਲਮਾਨਾਂ) ਦੀ ਸੁਰਖਿਆ ਕਿਸ ਵਾਸਤੇ ਕੀਤੀ ਜਾਵੇ ? ਇਸ ਕੰਮ ਨੂੰ ਪਰੇ ਸੁਟ ਦਿਤਾ ਜਾਏ । ਮੈਂ ਘੱਟ ਗਿਣਤੀ ਦੇ ਸ਼ਬਦ ਨੂੰ ਬਿਲਕੁਲ ਪਸੰਦ ਨਹੀਂ ਕਰਦਾ ।"

ਇਸੇ ਤਰ੍ਹਾਂ ਸ੍ਰੀ ਮਹਾਂਵੀਰ ਤਿਆਗੀ ਨੇ ਕਿਹਾ ਕਿ :

(੧) "ਸਾਨੂੰ ਇਹ ਕਿਉਂ ਕਿਹਾ ਜਾਂਦਾ ਹੈ ਕਿ ਵੱਖਰੀ ਚੋਣ ਪ੍ਰਣਾਲੀ ਬਣਾਈ ਜਾਏ ।

(੨) ਘੱਟ ਗਿਣਤੀਆਂ ਵਾਸਤੇ ਕੇਵਲ ਇਕੋ ਹੀ ਰਸਤਾ ਹੈ ਕਿ ਉਹ ਬਹੁਗਿਣਤੀ ਦੀ ਵਫਾਦਾਰ ਬਣ ਕੇ ਰਹੇ ਅਤੇ ਬਹੁਗਿਣਤੀ ਦੇ ਭਰੋਸੇ ਨੂੰ ਜਿੱਤਣ ਲਈ ਉਸ ਨਾਲ ਸਹਿਯੋਗ ਕੀਤਾ ਕਰੇ ।

(੩) ਘੱਟ ਗਿਣਤੀਆਂ ਨੂੰ ਅਸੀਂ ਕੱਢ ਦੇਣ ਵਿਚ, ਖਤਮ ਕਰ ਦੇਣ ਵਿਚ ਜਾਂ ਵੱਡੀ ਪੱਧਰ ਤੇ ਕਤਲ ਕਰਨ ਵਿਚ ਵਿਸ਼ਵਾਸ ਨਹੀਂ ਰੱਖਦੇ ਸਗੋਂ ਧਰਮ ਦੀ ਤਬਦੀਲੀ ਦੇ ਚਾਹਵਾਨ ਹਾਂ ।"

ਮੁਸਲਮਾਨਾਂ ਨੂੰ ਸੰਬੋਧਨ ਕਰਦਿਆਂ ਗੋਵਿੰਦ ਬਲਭ ਪੰਤ (ਸਵਰਗਵਾਸੀ ਗ੍ਰਹਿ ਮੰਤਰੀ) ਨੇ ਕਿਹਾ ਕਿ :

"ਅੰਤਮ ਨਿਸ਼ਾਨਾ ਕੀ ਹੈ ? ਕੀ ਤੁਸੀਂ ਕੌਮੀ ਧਰਮ ਨਿਰਪਖਤਾ ਦਾ ਦੇਸ਼ ਚਾਹੁੰਦੇ ਹੋ ਜਾਂ ਇਕ ਮਜ਼ਹਬੀ ਦੇਸ਼ ? ਜੇਕਰ ਸੰਯੁਕਤ ਭਾਰਤ ਨੂੰ ਮਜ਼ਹਬੀ ਦੇਸ਼ ਬਨਣਾ ਪਿਆ ਤਾਂ ਉਹ ਹਿੰਦੂ ਰਾਸ਼ਟਰ ਹੋਵੇਗਾ ।"

ਇਸੇ ਤਰ੍ਹਾਂ ਸਰਦਾਰ ਪਟੇਲ ਨੇ ਸਪਸ਼ਟ ਕੀਤਾ ਕਿ :

(੧) "ਜਦ ਪਾਕਿਸਤਾਨ ਬਣ ਗਿਆ ਤਾਂ ਇਹ ਸਮਝਿਆ ਗਿਆ ਕਿ ਬਾਕੀ ਭਾਰਤ ਵਿਚ ਕੇਵਲ ਇਕੋ ਕੌਮ ਰਹਿ ਜਾਂਦੀ ਹੈ । ਹਿੰਦੂਆਂ ਦੀ ਜਨ-ਸੰਖਿਆ ੮੦ ਪ੍ਰਤੀਸ਼ਤ ਹੈ ।

(੨) ਅਸੀਂ ਵੱਖਰੀ ਚੋਣ ਪ੍ਰਣਾਲੀ ਦੀ ਸ਼ਰਾਰਤ ਨੂੰ ਕਦੀ ਵੀ ਪ੍ਰਵਾਨ ਨਹੀਂ ਕਰ ਸਕਦੇ ।"

ਸੰਯੁਕਤ ਲੀਡਰਾਂ ਦੀ ਇਹ ਇੱਛਾ ਸੀ ਕਿ ਅਨੁਸੂਚਿਤ ਜਾਤੀਆਂ ਨੂੰ ਹਿੰਦੂ ਮਤ ਵਿਚ ਸ਼ਾਮਲ ਕਰ ਲਿਆ ਜਾਏ । ਉਹਨਾਂ ਨੂੰ ਇਕ ਵੱਖਰੀ ਘੱਟ ਗਿਣਤੀ ਦੇ ਤੌਰ ਤੇ ਨਾ ਸਵੀਕਾਰਿਆ ਜਾਏ ਤਾਂ ਕਿ ਉਹਨਾਂ ਦੇ ਹੱਕ ਸੁਰਖਿਅਤ ਰਹਿ ਸਕਣ । ਇਸ ਕਾਰਨ ੨੭ ਅਗਸਤ ੧੯੪੭ ਅਨੁਸੂਚਿਤ ਜਾਤੀਆਂ ਦੀ ਪ੍ਰੀਭਾਸ਼ਾ ਨੂੰ ਤਬਦੀਲ ਕਰਕੇ ਉਹਨਾਂ ਨੂੰ ਹਿੰਦੂ ਮਤ ਵਿਚ ਸ਼ਾਮਲ ਕਰ ਲਿਆ ਗਿਆ ਜਦ ਕਿ ਇਸ ਤੋਂ ਪਹਿਲਾਂ ਉਹ ਘੱਟ ਗਿਣਤੀਆਂ ਵਿਚ ਸ਼ਾਮਲ ਸਨ ।

੨੪ ਫਰਵਰੀ ੧੯੪੮ ਨੂੰ ਇਕ ਸਪੈਸ਼ਲ ਸਬ-ਕਮੇਟੀ ਕਾਇਮ ਕੀਤੀ ਗਈ, ਜਿਸ ਦੇ ਚੇਅਰਮੈਨ ਸਰਦਾਰ ਪਟੇਲ ਸਨ। ਮੈਂਬਰਾਂ ਵਿਚ ਪੰਡਿਤ ਜਵਾਹਰ ਲਾਲ ਨਹਿਰੂ, ਡਾ: ਰਾਜਿੰਦਰ ਪ੍ਰਸ਼ਾਦ, ਡਾ: ਅੰਬੇਦਕਰ ਅਤੇ ਸੀ. ਕੇ. ਐਮ. ਮੁਨਸ਼ੀ ਸ਼ਾਮਲ ਸਨ। ਇਸ ਕਮੇਟੀ ਦੀ ੨੩-੧੧-੪੮ ਨੂੰ ਇਕ ਮੀਟਿੰਗ ਹੋਈ, ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮੈਮੋਰੈਂਡਮ ਤੇ ਵਿਚਾਰ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਨੇ ਮੰਗ ਕੀਤੀ ਕਿ :

(੧) ਸਿਖਾਂ ਲਈ ਵਖਰੀ ਚੋਣ ਪ੍ਰਨਾਲੀ ਕਾਇਮ ਕੀਤੀ ਜਾਏ।

(੨) ਪੂਰਬੀ ਪੰਜਾਬ ਵਿਚ ੫੦ ਪ੍ਰਤੀਸ਼ਤ ਸੀਟਾਂ ਸਿੱਖ ਲਈ ਅਤੇ ਕੇਂਦਰ ਵਿਚ ੫ ਪ੍ਰਤੀਸ਼ਤ ਰਾਖਵੀਆਂ ਕੀਤੀਆਂ ਜਾਣ।

(੩) ਸਿਖਾਂ ਵਿਚ ਸ਼ਾਮਲ ਅਨਸੂਚਿਤ ਜਾਤੀਆਂ ਨੂੰ ਉਹੀ ਸਹੂਲਤਾਂ ਦਿਤੀਆਂ ਜਾਣ, ਜਿਹੜੀਆਂ ਹਿੰਦੂਆਂ ਨੂੰ ਦਿਤੀਆਂ ਗਈਆਂ ਹਨ।

(੪) ਯੂ. ਪੀ. ਅਤੇ ਦਿੱਲੀ ਵਿਚ ਸਿਖਾਂ ਲਈ ਰਾਖਵੀਆਂ ਸੀਟਾਂ ਕੀਤੀਆਂ ਜਾਣ।

(੫) ਫੌਜ ਵਿਚ ਸਿਖਾਂ ਲਈ ਕਿਸੇ ਅਨੁਪਾਤ ਨਾਲ ਰਾਖਵੀਆਂ ਸੇਵਾਵਾਂ ਕੀਤੀਆਂ ਜਾਣ।

ਇਸੇ ਦਿਨ ੨੩-੧੧-੧੯੪੮ ਨੂੰ ਵਿਸ਼ੇਸ਼ ਸਬ-ਕਮੇਟੀ ਨੇ ਸ਼੍ਰੋਮਣੀ ਅਕਾਲੀ ਦਲ ਦੀਆਂ ਸਾਰੀਆਂ ਹੀ ਇਹੋ ਜਿਹੀਆਂ ਮੰਗਾਂ ਠੁਕਰਾ ਦਿਤੀਆਂ। ਜਿਸ ਕਾਰਨ ਸਿਖਾਂ ਦੇ ਮੋਰਚਿਆਂ ਦਾ ਇਤਿਹਾਸ ਅਰੰਭ ਹੋ ਜਾਂਦਾ ਹੈ।

ਸਪੈਸ਼ਲ ਸਬ-ਕਮੇਟੀ ਦੀ ਰੀਪੋਰਟ ਸਲਾਹਕਾਰ ਕਮੇਟੀ ਵਿਚ ੩੦-੧੨-੪੮ ਨੂੰ ਵਿਚਾਰੀ ਗਈ, ਜਿਸ ਵਿਚ ਸਰਦਾਰ ਪਟੇਲ ਨੇ ਸਪੱਸ਼ਟ ਕਰ ਦਿੱਤਾ ਕਿ ਕਿਸੇ ਵੀ ਧਾਰਮਿਕ ਘੱਟ ਗਿਣਤੀ ਲਈ ਰਾਖਵੀਆਂ ਸੀਟਾਂ ਨਹੀਂ ਰਖੀਆਂ ਜਾ ਸਕਦੀਆਂ। ਸਲਾਹਕਾਰ ਕਮੇਟੀ ਦੀ ਬੈਠਕ ਬਿਨਾ ਕਿਸੇ ਫੈਸਲੇ ਤੋਂ ਉਠਾ ਦਿਤੀ ਗਈ, ਜਿਸ ਲਈ ਬਹਾਨਾ ਇਹ ਬਣਾਇਆ ਗਿਆ ਕਿ ਕਮੇਟੀ ਦੇ ਮੈਂਬਰ ਆਪਸ ਵਿਚ ਇਸ ਬਾਰੇ ਵਿਚਾਰ ਵਟਾਂਦਰਾ ਕਰ ਲੈਣ। ਪਰ ਅਸਲ ਵਿਚ ਮੈਂਬਰਾਂ ਤੇ ਇਹ ਦਬਾਓ ਪਾਇਆ ਜਾ ਰਿਹਾ ਸੀ ਕਿ ਉਹ ਵਖਰੀ ਚੋਣ ਪ੍ਰਨਾਲੀ ਦੀ ਮੰਗ ਨੂੰ ਬਿਲਕੁਲ ਹੀ ਛੱਡ ਦੇਣ। ਸਰਦਾਰ ਪਟੇਲ ਇਕ ਮੁਸਲਮਾਨ ਇਸਤ੍ਰੀ ਮੈਂਬਰ ਬੇਗਮ ਅਜੀਜ਼ ਰਸੂਲ (ਲਖਨਊ) ਤੋਂ ਇਹ ਅਖਵਾਉਣ ਵਿਚ ਸਫ਼ਲ ਹੋ ਗਏ ਕਿ ਮੁਸਲਮਾਨ ਵਖਰੀ ਚੋਣ ਪ੍ਰਨਾਲੀ ਨਹੀਂ ਚਾਹੁੰਦੇ। ਇਸੇ ਤਰ੍ਹਾਂ ਰਾਜ ਕੁਮਾਰੀ ਅਮ੍ਰਿਤ ਕੌਰ ਪਾਸੋਂ ਵੀ ਅਖਵਾਇਆ ਜਾ ਚੁੱਕਾ ਸੀ। ੦